# ਸਾਲਾਨਾ ਰਿਪੋਰਟ

# ਸਰਕਾਰੀ ਕਾਲਜ ਲੜਕੀਆਂ, ਪਟਿਆਲਾ

# 2018-19

ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ **ਪਰਮ ਸਤਿਕਾਰਯੋਗ ਸ਼੍ਰੀ ਕੁਮਾਰ ਅਮਿਤ ਜੀ (ਆਈ.ਏ. ਐਸ.) , ਡਿਪਟੀ ਕਮਿਸ਼ਨਰ , ਪਟਿਆਲਾ ,** ਵੱਖ-ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ, ਸਾਬਕਾ ਅਧਿਆਪਕ, ਪੀ.ਟੀ.ਏ., ਐਚ.ਏ.ਆਈ.ਐਸ. ਦੇ ਅਹੁਦੇਦਾਰ , ਮੈਂਬਰ ਸਾਹਿਬਾਨ, ਪੱਤਰਕਾਰ , ਡਿਜ਼ੀਟਲ ਮੀਡੀਆ , ਪਤਵੰਤੇ ਸੱਜਣ, ਕਾਲਜ ਦੇ ਸਟਾਫ਼ ਮੈਂਬਰਜ਼ ਅਤੇ ਪਿਆਰੇ ਵਿਦਿਆਰਥੀਓ।

ਅੱਜ ਦੇ ਇਸ ਇਨਾਮ ਵੰਡ ਸਮਾਰੋਹ ਵਿੱਚ ਮੈਂ ਆਪ ਸਭ ਦਾ ਤਹਿ ਦਿਲੋਂ ਸੁਆਗਤ ਕਰਦੀ ਹਾਂ ਅਤੇ ਆਪ ਸਭ ਨੂੰ **'ਜੀ ਆਇਆ ਨੂੰ'** ਆਖਦੀ ਹਾਂ। ਸਾਡੇ ਲਈ ਇਹ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਅੱਜ ਦੇ ਸਮਾਰੋਹ ਦੀ ਸ਼ੋਭਾ ਵਧਾਉਣ ਲਈ **ਮਾਣਯੋਗ ਡਿਪਟੀ ਕਮਿਸ਼ਨਰ ਪਟਿਆਲਾ**, **ਸ਼੍ਰੀ ਕੁਮਾਰ ਅਮਿਤ ਜੀ** ਸਾਡੇ ਦਰਮਿਆਨ ਤਸ਼ਰੀਫ ਲਿਆਏ ਹਨ ਜੋ ਕਿ 2010 ਬੈਚ ਦੇ ਆਈ.ਏ.ਐਸ. ਅਫਸਰ ਹਨ। ਆਪਣੇ ਦੱਸ ਸਾਲਾਂ ਦੇ ਕਾਰਜਕਾਲ ਦੌਰਾਨ ਇਹਨਾਂ ਨੇ ਕਈ ਪਦਵੀਆਂ ਤੇ ਕੰਮ ਕੀਤਾ ਤੇ ਪ੍ਰਸ਼ਾਸ਼ਨ ਪ੍ਰਬੰਧਨ ਦਾ ਕੰਮ ਬਾਖੂਬੀ ਨਿਭਾਇਆ।2006 ਵਿੱਚ Delhi College of Engineering ਤੋਂ B. Tech. ਦੀ ਡਿਗਰੀ ਪ੍ਰਾਪਤ ਕਰਕੇ ਇਹ L& T ਵਿੱਚ Junior Reasearch Scientist ਤੇ CEB ਵਿੱਚ Business Research Analyst ਰਹੇ।Indian Administrative Services ਜੁਆਇੰਨ ਕਰਨ ਤੋਂ ਬਾਅਦ ਇਹ SDM ਗਿੱਦੜਬਾਹਾ , SDM ਮਲੋਟ ਤੇ ਫਿਰ ADC (D) , ਜਲੰਧਰ ਦੀ ਪਦਵੀ ਤੇ ਤੈਨਾਤ ਹੋਏ।2016-17 ਵਿੱਚ Additional Principal Secretary to CM ਦਾ ਕਾਰਜਭਾਰ ਸੰਭਾਲਿਆ। 2017 ਤੋਂ ਪਟਿਆਲਾ ਜਿਲ੍ਹੇ ਦਾ ਚਾਰਜ ਲੈਣ ਤੋਂ ਬਾਅਦ ਇਹ ਜਿਲ੍ਹੇ ਦਾ ਪ੍ਰਸ਼ਾਸ਼ਨ ਸੁਚਾਰੂ ਢੰਗ ਨਾਲ ਚਲਾਉਣ ਲਈ ਨਿਰੰਤਰ ਪ੍ਰਯਤਨਸ਼ੀਲ ਹਨ।

ਅਸੀ ਆਪ ਜੀ ਦੇ ਬਹੁਤ ਰਿਣੀ ਹਾਂ ਕਿ ਆਪ ਜੀ ਆਪਣੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਸਾਨੂੰ ਨਿਵਾਜਿਆ ਹੈ, ਆਪ ਜੀ ਦੀ ਆਮਦ ਨਾਲ ਸਾਡੀਆਂ ਵਿਦਿਆਰਥਣਾਂ ਨੂੰ ਬਹੁਤ ਪ੍ਰੇਰਨਾ ਮਿਲੇਗੀ ਅਤੇ ਆਪ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਸਾਡੀਆਂ ਵਿਦਿਆਰਥਣਾਂ ਜੀਵਨ ਵਿੱਚ ਹੋਰ ਤੱਰਕੀ ਕਰਨਗੀਆਂ। ਮੈਂ ਆਪ ਜੀ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਇੱਥੇ ਆਉਣ ਤੇ ਇੱਕ ਵਾਰੀ ਫਿਰ **'ਜੀ ਆਇਆ ਨੂੰ'** ਕਹਿੰਦੀ ਹਾਂ।

**ਕਾਲਜ ਦਾ ਪਿਛੋਕੜ**

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਂਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ , 2017 ਵਿੱਚ ਆਪਣੇ 75 ਵਰ੍ਹਿਆਂ ਦਾ ਸ਼ਾਨਦਾਰ ਸਫ਼ਰ ਕਾਮਯਾਬੀ ਦੀ ਬੁਲੰਦੀਆਂ ਨੂੰ ਛੂੰਹਦੇ ਹੋਏ ਮੁਕੰਮਲ ਕਰ ਚੁੱਕੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ

ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ(ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈੱਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ।

**ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2018-19 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।**

## ਦਾਖਲੇ

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 2243 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ **ਬੀ.ਏ.** (ਆਰਟਸ), **ਬੀ.ਐਸ.ਸੀ.** (ਹੋਮ ਸਾਇੰਸ), **ਬੀ.ਐਸ.ਸੀ.** **(**ਬਾਇਓਟੈਕਨਾਲੋਜੀ) ਅਤੇ **ਬੀ.ਐਸ.ਸੀ.** (ਮੈਡੀਕਲ ਅਤੇ ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਪੋਸਟ ਗ੍ਰੈਜੂਏਟ ਕੋਰਸਜ਼ ਵਿੱਚ **ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ)** ਅਤੇ **ਐਮ.ਐਸ.ਸੀ.** **(ਫੂਡ ਐਂਡ ਨਿਊਟ੍ਰੀਸ਼ਨ**) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ। **HEIS ਅਧੀਨ ਕਾਲਜ ਵਿੱਚ ਬੀ.ਸੀ.ਏ. ਅਤੇ ਪੀ.ਜੀ.ਡੀ.ਸੀ.ਏ. ਵੀ ਸ਼ੁਰੂ ਕੀਤੀ ਗਈ ਹੈ ।**

## ਸਟਾਫ

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 35 ਰੈਗੂਲਰ ਲੈਕਚਰਾਰ 01 ਕੰਟਰੈਕਚੂਅਲ ਅਤੇ 10 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 22 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 10 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਮਿਤੀ 31.08.2018 ਨੂੰ ਡਾ. ਜਤਿੰਦਰ ਕੁਮਾਰ ਜੈਨ (ਪ੍ਰੋ. ਫਿਲਾਸਫੀ ) ਕਾਲਜ ਤੋਂ ਬਦਲ ਕੇ ਸਰਕਾਰੀ ਮਹਿੰਦਰਾ ਕਲਜ ਪਟਿਆਲਾ ਵਿਖੇ ਗਏ ਅਤੇ ਪ੍ਰੋ. ਸੀਮਾ ਮਨਚੰਦਾ (ਐਸੋ. ਪ੍ਰੋ. ਮੈਥਸ) , ਪ੍ਰੋ. ਆਰਤੀ ਬਖਸ਼ੀ (ਅਸਿ. ਪ੍ਰੋ. ਅੰਗ੍ਰੇਜ਼ੀ) ਅਤੇ ਪ੍ਰੋ. ਜਗਦੀਸ਼ ਕੌਰ (ਪਾਰਟ ਟਾਈਮ ਲੈਕਚਰਾਰ ਅੰਗ੍ਰੇਜ਼ੀ) ਬਦਲ ਕੇ ਕਾਲਜ ਵਿਖੇ ਹਾਜਰ ਹੋਏ।

ਸੈਸ਼ਨ 2018-19 ਦੌਰਾਨ ਪ੍ਰੋ. ਵੰਦਨਾ ਸਲੂਜਾ ਐਸੋ. ਪ੍ਰੋ. ਮੈਥਸ( 31.07.2018) ,ਡਾ. ਬਾਬਿੰਦਰ ਕੌਰ ਪ੍ਰੋ. ਪੋਲ. ਸਾਂਇੰਸ(30.06.2018) , ਕੰਵਲਜੀਤ ਕੌਰ ਐਸੋ. ਪ੍ਰੋ. ਪੰਜਾਬੀ (31.7.2018) ਅਤੇ ਪ੍ਰੋ. ਬਰਿੰਦਰ ਕੌਰ ਐਸੋ. ਪ੍ਰੋ ਫੂਡ ਐਂਡ ਨਿਊਟ੍ਰੀਸ਼ਨ( 31.1.2019) ਸੇਵਾ ਮੁਕਤ ਹੋਏ ।

## ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰਡੈਂਟ ਤੋਂ ਇਲਾਵਾ 17 ਦਰਜਾ ਤਿੰਨ ਅਤੇ 12 ਦਰਜਾ ਚਾਰ ਕਰਮਚਾਰੀ ਹਨ।ਇਸ ਸੈਸ਼ਨ ਦੌਰਾਨ ਸ਼੍ਰੀਮਤੀ ਅਵਨਿੰਦਰ ਕੌਰ (ਜੂਨੀ.ਸਹਾਇਕ) ਮਿਤੀ 17.07.2018 ਨੂੰ ਅਤੇ ਸ. ਜੋਗਿੰਦਰ ਸਿੰਘ ਸੀਨੀਅਰ ਐਲ.ਏ. ਮਿਤੀ 25.07.2018 ਨੂੰ **ਟਰਾਂਸਫਰ** ਹੋ ਕੇ ਗਏ ਅਤੇ ਸ਼੍ਰੀ ਸੁਰਿੰਦਰਪਾਲ ਸਿੰਘ (ਸੁਪਰਡੰਟ ) ਇਸ ਕਾਲਜ ਵਿਖੇ **ਟਰਾਂਸਫਰ** ਹੋ ਕੇ ਆਏ।

## *ਅਕਾਦਮਿਕ ਪ੍ਰਾਪਤੀਆਂ*

- **ਐਮ.ਏ. ਭਾਗ ਦੂਜਾ (ਸੰਗੀਤ ਗਾਇਨ)** ਦੀ ਹਿਮਾਂਸ਼ੂ ਦਾਨੀਆ ਨੇ ਯੂਨੀਵਰਸਿਟੀ ਤੇ ਕਾਲਜ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।**ਐਮ.ਏ. ਭਾਗ ਦੂਜਾ** ਦੀ ਹੀ ਕੰਚਨ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਅਤੇ ਐਮ.ਏ. ਸੰਗੀਤ ਗਾਇਨ ਭਾਗ ਪਹਿਲਾ ਦੀ ਨਿਧੀ ਰਾਣੀ , ਤੇਜਵੀਰ ਕੌਰ ਤੇ ਅਰਚਨਾ ਪਹਿਲੇ ਸਥਾਨ ਤੇ ਰਹੇ ਅਤੇ ਬਬਲੀ ਸੇਖੋਂ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਏ. (ਡਾਂਸ) ਭਾਗ ਦੂਜਾ** ਦੀ ਸ਼ਾਲੂ ਨੇ ਕਾਲਜ ਵਿੱਚ ਪਹਿਲਾ ਤੇ ਹਰਨੀਤ ਨੇ ਦੂਜਾ ਸਥਾਨ ਹਾਸਿਲ ਕੀਤਾ । **ਐਮ.ਏ . ਭਾਗ ਪਹਿਲਾ** ਦੀ ਰਜਨੀ ਬਾਲਾ ਤੇ ਸਾਨੀਆ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਏ. ਫਾਈਨ ਆਰਟਸ ਭਾਗ ਦੂਜਾ** ਦੀਆਂ ਗਗਨਦੀਪ ਕੌਰ ਤੇ ਬੰਦੂ ਬੈਂਸ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ ਅਤੇ **ਭਾਗ ਪਹਿਲਾ** ਦੀ ਗੁਰਮੀਤ ਕੌਰ ਨੇ ਕਾਲਜ ਵਿੱਚ ਪਹਿਲਾ ,ਅਮਨਦੀਪ ਕੌਰ ਅਤੇ ਸਲਮਾ ਕੰਬੋਜ ਨੇ ਦੂਜਾ ਸਥਾਨ ਹਾਸਿਲ ਕੀਤਾ।

- **ਬੀ.ਏ. ਭਾਗ ਤੀਜਾ** ਦੀਆਂ ਗੁਰਲੀਨ ਕੌਰ ਤੇ ਨਰਿੰਦਰ ਕੌਰ ਨੇ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ ।**ਬੀ.ਏ. ਭਾਗ ਦੂਜਾ** ਦੀ ਵਿਭੂਤੀ ਸਿਆਲ ਨੇ ਕਾਲਜ ਵਿੱਚ ਪਹਿਲਾ ਤੇ ਗੁਰਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰ੍ਹਾਂ **ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਪ੍ਰਭਜੋਤ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਜਸ਼ਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਐਮ.ਐਸ.ਸੀ ਫੂਡ ਐਂਡ ਨਿਊਟ੍ਰੀਸ਼ਨ ਭਾਗ ਦੂਜਾ** ਦੀ ਵਿਦਿਆਰਥਣ ਭਾਨੂ ਚੋਪੜਾ ਕਾਲਜ ਵਿੱਚ ਪਹਿਲੇ ਅਤੇ ਮੇਘਨਾ ਦੂਸਰੇ ਸਥਾਨ ਤੇ ਰਹੀਆਂ।ਇਸ ਵਿਭਾਗ ਦੇ **ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਸੰਜਨਾ ਸੋਢੀ ਅਤੇ ਸਮਰੀਤ ਕੌਰ ਕ੍ਰਮਵਾਰ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।
- **ਬੀ.ਐਸ.ਸੀ. ਹੋਮ ਸਾਇੰਸ ਭਾਗ ਤੀਜਾ** ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪਹਿਲਾ ਅਤੇ ਗੁਰਪ੍ਰੀਤ ਕੌਰ ਨੇ ਕਾਲਜ ਦੂਜਾ ਸਥਾਨ ਪ੍ਰਾਪਤ ਕੀਤਾ।**ਭਾਗ ਦੂਜਾ** ਦੀ ਵਿਦਿਆਰਥਣ ਕਵਲਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਸਿਮਰਨਜੀਤ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।**ਬੀ.ਐਸ.ਸੀ. ਭਾਗ ਪਹਿਲਾ** ਦੀ ਸਪਨਾ ਦੇਵੀ ਨੇ ਕਾਲਜ ਵਿੱਚ ਪਹਿਲਾ ਅਤੇ ਦੀਪਿਕਾ ਸ਼ਰਮਾ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- **ਬੀ.ਐਸ.ਸੀ. ਬਾਇਓਟੈਕ ਭਾਗ ਤੀਜਾ** ਦੀ ਵਿਦਿਆਰਥਣ ਕੁਲਵਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਲਵਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਦੂਜਾ** ਦੀ ਪੂਜਾ ਪ੍ਰਸ਼ਾਦ ਨੇ ਪਹਿਲਾ ਅਤੇ ਅਨੂਪਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਪਹਿਲਾ** ਦੀਆਂ ਵਿਦਿਆਰਥਣਾਂ ਅਮਨਦੀਪ ਕੌਰ ਤੇ ਪੂਜਾ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।
- **ਬੀ.ਐਸ.ਸੀ. (ਨਾਨ-ਮੈਡੀਕਲ) ਭਾਗ ਤੀਜਾ** ਦੀ ਵਿਦਿਆਰਥਣ ਪਵਨਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਤੇ ਮੀਨਾਕਸ਼ੀ ਬਾਂਸਲ ਨੇ ਦੂਜਾ ਸਥਾਨ ਹਾਸਿਲ ਕੀਤਾ।**ਭਾਗ ਦੂਜਾ** ਵਿੱਚੋਂ ਪ੍ਰਿਅੰਕਾ ਰਾਣੀ ਤੇ ਕਿਰਨਦੀਪ ਕੌਰ ਕਾਲਜ ਵਿੱਚ ਪਹਿਲੇ ਤੇ ਦੂਜੇ ਸਥਾਨ ਤੇ ਰਹੀਆਂ।**ਭਾਗ ਪਹਿਲਾ** ਦੀ ਵਿਦਿਆਰਥਣ ਰਮਨਦੀਪ ਕੌਰ ਨੇ ਨੇ ਪਹਿਲਾ ਅਤੇ ਗਗਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- **ਬੀ.ਐਸ.ਸੀ (ਮੈਡੀਕਲ ) ਭਾਗ ਤੀਜਾ** ਦੀ ਵਿਦਿਆਰਥਣ ਬਲਜੀਤ ਕੌਰ ਨੇ ਪਹਿਲਾ ਤੇ ਨਮਰੀਤਾ ਸੋਢੀ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ। **ਭਾਗ ਦੂਜਾ** ਦੀਆਂ ਵਿਦਿਆਰਥਣਾਂ ਜਸਪ੍ਰੀਤ ਕੌਰ ਤੇ ਵੀਰਪਾਲ ਕੌਰ ਕਾਲਜ ਵਿੱਚ ਪਹਿਲੇ ਅਤੇ ਦੂਜੇ ਸਥਾਨ ਤੇ ਰਹੀਆਂ। **ਭਾਗ ਪਹਿਲਾ** ਦੀ ਨੀਵੀਆ ਨੇ ਕਾਲਰ ਵਿੱਚ ਪਹਿਲੀ ਤੇ ਮਨਪ੍ਰੀਤ ਕੌਰ ਨੇ ਦੂਜੀ ਪੁਜ਼ੀਸ਼ਨ ਹਾਸਿਲ ਕੀਤੀ।
- **ਬੀ.ਸੀ.ਏ. ਭਾਗ ਤੀਜਾ** ਦੀ ਜਸਵੀਰ ਕੌਰ ਤੇ ਮਹਿਕਪ੍ਰੀਤ ਨੇ ਦੂਜਾ ਸਥਾਨ ਹਾਸਿਲ ਕੀਤਾ । **ਭਾਗ ਦੂਜਾ** ਦੀ ਕਾਜਲਦੀਪ ਕਾਲਜ ਵਿੱਚ ਪਹਿਲੇ ਤੇ ਸਿਮਰਨਜੀਤ ਕੌਰ ਦੂਜੇ ਸਥਾਨ ਤੇ ਰਹੀਆਂ। **ਭਾਗ ਪਹਿਲਾ** ਦੀ ਬੇਬੀ ਦੇਵੀ ਤੇ ਰੀਆ ਚਾਵਲਾ ਨੇ ਕਾਲਜ ਵਿੱਚ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਿਲ ਕੀਤਾ।

## ***ਸਭਿਆਚਾਰਕ ਗਤੀਵਿਧੀਆਂ***

ਕਾਲਜ ਦੀਆਂ ਵਿਦਿਆਰਥਣਾਂ ਨੇ **ਜ਼ੋਨਲ ਯੂਥ ਫੈਸਟੀਵਲ ਵਿੱਚ 23 ਆਈਟਮਾਂ** ਵਿੱਚ ਭਾਗ ਲਿਆ ਜਿਸ ਵਿੱਚ **ਕਾਰਟੂਨਿੰਗ, ਕੋਲਾਜ ਮੇਕਿੰਗ ਵਿੱਚ ਪਹਿਲਾ ਸਥਾਨ** , ਕਲਾਸੀਕਲ ਡਾਂਸ , ਗਰੁੱਪ ਸਾਂਗ ,ਕਲੇਅ ਮਾਡਲਿੰਗ ਤੇ ਨਾਨ ਪਰਕਸ਼ਨ ਵਿੱਚ ਦੂਜਾ ਸਥਾਨ , ਪੋਸਟਰ ਮੇਕਿੰਗ, ਗਿੱਧਾ ਅਤੇ ਐਲੋਕਿਊਸ਼ਨ ਵਿੱਚ ਕਾਲਜ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਗਰੁੱਪ ਸ਼ਬਦ , ਕਲਾਸੀਕਲ ਵੋਕਲ,ਗਜ਼ਲ , ਲੋਕ ਗੀਤ, ਸਭਿਆਚਾਰਕ ਕੁਇਜ਼ , ਰੰਗੋਲੀ , ਮੌਕੇ ਤੇ ਚਿੱਤਰਕਾਰੀ, ਪੇਂਟਿੰਗ, ਇੰਸਟਾਲੇਸ਼ਨ, ਡਿਬੇਟ ਪੋਇਟਰੀ ਰੈਸੀਟੇਸ਼ਨ , ਸੰਮੀ , ਵਾਰ ਗਾਇਨ , ਕੁਇਜ਼ ਵਿੱਚ ਭਾਗ ਲਿਆ।

ਇੰਟਰ ਜ਼ੋਨਲ ਯੂਥ ਫੈਸਟੀਵਲ ਵਿੱਚ ਕਾਲਜ ਨੇ ਚਾਰ ਆਈਟਮਾਂ ਗਰੁੱਪ ਸਾਂਗ , ਕਾਰਟੂਨਿੰਗ , ਕੋਲਾਜ਼ ਅਤੇ ਕਲੇਅ ਮਾਡਲਿੰਗ ਵਿੱਚ ਭਾਗ ਲਿਆ ਜਿਸ ਵਿੱਚੋਂ ਕਾਰਟੂਨਿੰਗ ਵਿੱਚ ਪਹਿਲਾ ਸਥਾਨ , ਕੋਲਾਜ ਮੇਕਿੰਗ ਵਿੱਚ ਦੂਜਾ ਸਥਾਨ ਅਤੇ ਗਰੁੱਪ ਸਾਂਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## *ਸਹਿਵਿਦਿਅਕ ਗਤੀਵਿਧੀਆਂ*

- ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ , ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਵਸ ਨੂੰ (23 ਮਾਰਚ 2019) ***''ਨਸ਼ਾ ਮੁਕਤੀ ਦਿਵਸ''*** ਤੇ ***ਯੂਥ ਐਮਪਾਵਰਮੈਂਟ*** (ਯੁਵਾ ਸ਼ਸ਼ਕਤੀਕਰਨ) ਦਿਵਸ ਵਜੋਂ ਮਨਾਇਆ।
- 15 ਅਪ੍ਰੈਲ 2018 ਨੂੰ **'ਨਟਾਸ'** (ਨੈਸ਼ਨਲ ਆਰਟਸ ਥੀਏਟਰ ਸੋਸਇਟੀ) ਦੁਆਰਾ ਕਾਲਜ ਵਿਖੇ ਥੀਏਟਰ ਫੈਸਟੀਵਲ ਆਯੋਜਿਤ ਕੀਤਾ ਗਿਆ ਅਤੇ **'ਬੇਟੀ ਬਚਾਓ ਅਤੇ ਬੇਟੀ ਪੜਾਓ'** ਅਧੀਨ ਨਾਟਕ ਪੇਸ਼ ਕੀਤੇ ਗਏ।
- ਮਿਤੀ 25.04.2018 ਨੂੰ ਸਿਵਲ ਸਰਜਨ ਦਫਤਰ, ਪਟਿਆਲਾ ਵੱਲੋਂ **''ਮਲੇਰੀਆ ਡੇ''** ਦੇ ਸਬੰਧ ਵਿੱਚ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ ਗਿਆ।
- 31 ਮਈ 2018 ਨੂੰ **** No Tobacco Day**** ਮਨਾਉਂਦਿਆਂ ਤੰਬਾਕੂ ਦੇ ਦੁਸ਼ਪ੍ਰਭਾਵਾਂ ਤੋਂ ਜਾਣੂ ਕਰਾਉਣ ਲਈ ਅਤੇ 5 ਜੂਨ **ਵਿਸ਼ਵ ਵਾਤਾਵਰਣ ਦਿਵਸ** ਮਨਾਂਉਂਦਿਆਂ ਵਾਤਾਵਰਣ ਸਾਂਭਣ ਸਬੰਧ ਜਾਗਰੂਕਤਾ ਰੈਲੀ ਕੱਢੀ ਗਈ।
- ਮਿਤੀ 17 ਅਕਤੂਬਰ 2018 ਨੂੰ **'ਵਾਤਾਵਰਣ ਚੇਤਨਾ ਮੁਹਿੰਮ '** ਅਧੀਨ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜਨ ਅਤੇ ਸੰਭਾਲਣ ਸਬੰਧੀ ਜਾਗਰੂਕ ਕਰਨ ਲਈ ਪਿੰਡ ਖੇੜੀ ਗੁਜਰਾਂ ਵਿਖੇ ਚੇਤਨਾ ਰੈਲੀ ਕੱਢੀ ਗਈ।
- **''ਸਵੱਛ ਸਰਵੇਖਣ 2019''** ਨੂੰ ਧਿਆਨ ਵਿੱਚ ਰੱਖਦਿਆਂ ਕਾਲਜ ਵਿਖੇ ਸਵੱਛਤਾ ਕਲੱਬ ਬਣਾਇਆ ਗਿਆ ਹੈ।
- ਮਿਤੀ 17 ਜਨਵਰੀ 2019 ਨੂੰ **''ਤੰਦਰੁਸਤ ਪੰਜਾਬ ਮਿਸ਼ਨ''** ਅਧੀਨ ਇੱਕ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ ਜਿਸ ਵਿੱਚ ਡਾ. ਮਨਜੀਤ ਸਿੰਘ, ਸਿਵਲ ਸਰਜਨ, ਪਟਿਆਲਾ, ਮੁੱਖ ਮਹਿਮਾਨ ਵਜੋਂ ਪਹੁੰਚੇ, ਡਾ. ਮਨਜੀਤ ਸਿੰਘ, ਡਾ. ਸ਼ੈਲੀ ਜੇਤਲੀ , ਡਾ. ਨਿਧੀ ਵਰਮਾ , ਡਾ. ਗੁਰਮੀਤ ਕੌਰ , ਸ਼੍ਰੀ ਕ੍ਰਿਸ਼ਨ

ਕੁਮਾਰ ਨੇ **ਨਸ਼ਾ ਮੁਕਤੀ** , **ਸਿਹਤ ਸੰਭਾਲ** ਅਤੇ **ਬੇਟੀ ਬਚਾਓ, ਬੇਟੀ ਪੜ੍ਹਾਓ** ਵਿਸ਼ਿਆਂ ਤੇ ਵਿਚਾਰ ਪ੍ਰਗਟਾਏ।

- 12 ਜਨਵਰੀ 2019 ਨੂੰ **'' ਲੋਹੜੀ ਧੀਆਂ ਦੀ''** ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

# *ਵਿਭਾਗੀ ਗਤੀਵਿਧੀਆਂ*

## ਫਾਈਨ ਆਰਟਸ

- ਪੰਜਾਬ ਸਰਕਾਰ ਦੇ ***Adopt a wall*** ਅਭਿਆਨ ਤਹਿਤ ਪੰਜਾਬ ਭਵਨ ਨਵੀਂ ਦਿੱਲੀ ਵਿਖੇ ਪੰਜਾਬ ਦੀ ਕਲਾ ਅਤੇ ਸੰਸਕ੍ਰਿਤੀ ਨੂੰ ਦਰਸਾਉਣ ਲਈ ਚਿੱਤਰ ਬਣਾਉਣ ਲਈ ਮੁਕਾਬਲੇ ਕਰਵਾਏ ਗਏ। ਇਹਨਾਂ ਵਿੱਚ ਸਾਡੇ ਕਾਲਜ ਵੱਲੋਂ ਬਣਾਈ ਗਈ ਪੇਟਿੰਗ ਦੀ ਚੋਣ ਹੋਈ ਅਤੇ ਕਾਲਜ ਨੂੰ 7×14 ਦਾ ਵਿਸ਼ਾਲ ਚਿੱਤਰ ਬਣਾਉਣ ਦਾ ਮਾਣ ਪ੍ਰਾਪਤ ਹੋਇਆ । ਫਾਈਨ ਆਰਟਸ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਬਣਾਈ ਇਹ ਪੇਂਟਿੰਗ **ਪੰਜਾਬ ਨਵੀਂ ਦਿੱਲੀ ਦੀ ਤੀਜੀ ਮੰਜਿਲ ਦੀ ਕੰਧ ਤੇ ਸਸ਼ੋਭਿਤ ਹੋਈ।**
- 7 ਅਪ੍ਰੈਲ 2018 ਨੂੰ ***"Brain waves 2018"*** ਫੈਸਟੀਵਲ ਜੋ ਕਿ Rayat Bahra ਪਟਿਆਲਾ ਕੈਂਪਸ ਵਿਖੇ ਹੋਇਆ ਵਿੱਚ ਪੇਂਟਿੰਗ ਮੁਕਾਬਲੇ ਵਿੱਚ ਪ੍ਰਭਲੀਨ ਕੌਰ (ਬੀ.ਏ. ਭਾਗ ਤੀਜਾ) ਅਤੇ ਅਮਨਦੀਪ ਕੌਰ (ਬੀ.ਏ. ਭਾਗ ਤੀਜਾ ਨੇ ਦੂਜਾ ਇਨਾਮ ਹਾਸਿਲ ਕੀਤਾ ।
- ***ਵਰਲਡ ਮਲੇਰੀਆ ਡੇ*** ਦੇ ਮੌਕੇ ਸਿਵਲ ਸਰਜਨ ਪਟਿਆਲਾ ਵੱਲੋਂ _ਕਾਲਜ ਵਿਖੇ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਹਰਦੀਪ ਕੌਰ (ਐਮ.ਏ.-1) ਨੇ ਪਹਿਲਾ, ਹਰਮੀਤ ਕੌਰ (ਐਮ.ਏ.-ਦੂਜਾ) ਨੇ ਦੂਜਾ ਅਤੇ ਸ਼ਿੰਦਰਪਾਲ ਕੌਰ (ਐਮ.ਏ. ਭਾਗ ਦੂਜਾ ) ਨੇ ਤੀਜਾ ਇਨਾਮ ਹਾਸਿਲ ਕੀਤਾ।ਇਸ ਤੋਂ ਇਲਾਵਾ 12 ਵਿਦਿਆਰਥੀਆਂ ਨੇ ਹੌਸਲਾ ਵਧਾਊ ਇਨਾਮ ਹਾਸਿਲ ਕੀਤੇ।
- ਯੂਥ ਸਰਵਿਸਿਜ਼ ਪੰਜਾਬ ਵੱਲੋਂ 12 ਅਕਤੂਬਰ 2018 ਨੂੰ ਗੌਰਮਿੰਟ ਸਟੇਟ ਕਾਲਜ ਐਜੂਕੇਸ਼ਨ ਪਟਿਆਲਾ ਵਿਖੇ ਕਰਵਾਏ ਗਏ ਜਿਲ੍ਹਾ ਪੱਧਰ ਦੇ ਪੇਂਟਿੰਗ ਅਤੇ ਸਲੋਗਨ ਮੁਕਾਬਲਿਆਂ ਵਿੱਚ ਜਸਵੀਰ ਕੌਰ ਐਮ.ਏ.-ਦੂਜਾ ਨੇ ਕੋਲਾਜ ਮੇਕਿੰਗ ਮੁਕਾਬਲੇ ਵਿੱਚ ਦੂਜਾ ਅਤੇ ਗੁਰਮੀਤ ਕੌਰ (ਬੀ.ਏ. ਭਾਗ ਤੀਜਾ ) ਨੇ ਸਲੋਗਨ ਲੇਖਣ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- ਖੇਤਰੀ ਯੁਵਕ ਮੇਲੇ (ਅਕਤੂਬਰ 2018) ਵਿੱਚ ਕੋਲਾਜ ਮੇਕਿੰਗ ਮੁਕਾਬਲੇ ਵਿੱਚ ਜਸਵੀਰ ਕੌਰ (ਐਮ.ਏ.-ਦੂਜਾ ) ਨੇ ਪਹਿਲਾ ਸਥਾਨ , ਕਾਰਟੂਨਿੰਗ ਮੁਕਾਬਲੇ ਵਿੱਚ ਵਿਭੂਤੀ ਸਿਆਲ (ਬੀ.ਏ. ਭਾਗ ਤੀਜਾ ) ਨੇ ਪਹਿਲਾ ਸਥਾਨ ਹਾਸਿਲ ਕੀਤਾ।ਜਪਨੀਤ ਕੌਰ (ਐਮ..ਏ. ਭਾਗ ਪਹਿਲਾ ) ਨੇ ਕਲੇਅ ਮਾਡਲਿੰਗ ਮੁਕਾਬਲੇ ਵਿੱਚ ਦੂਜਾ ਅਤੇ ਨਵਜੋਤ ਕੌਰ (ਬੀ.ਏ. ਭਾਗ ਤੀਜਾ ) ਨੇ ਪੋਸਟਰ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਿਲ ਕੀਤਾ।
- **ਪੰਜਾਬੀ ਯੂਨੀ. ਪਟਿਆਲਾ ਦੇ ਅੰਤਰ ਖੇਤਰੀ ਯੁਵਕ ਮੇਲਾ** 2018 ਵਿੱਚ ਵਿਭੂਤੀ ਸਿਆਲ (ਬੀ.ਏ।. ਭਾਗ ਤੀਜਾ ਨੇ ਕਾਰਟੂਨਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਅਤੇ ਜਸਵੀਰ ਕੌਰ ਐਮ.ਏ. ਭਾਗ ਦੂਜਾ ਨੇ ਕੋਲਾਜ ਮੁਕਾਬਲੇ ਵਿੱਚ ਸਿਲਵਰ ਮੈਡਲ ਹਾਸਿਲ ਕੀਤਾ।

## ਹੋਮ ਸਾਇੰਸ ਵਿਭਾਗ

- ਹੋਮ ਸਾਇੰਸ ਵਿਭਾਗ ਵੱਲੋਂ ਹੋਮ ਸਾਇੰਸ ਸੁਸਾਇਟੀ ਅਧੀਨ ਅੰਤਰ ਕਾਲਜ ਰੰਗੋਲੀ ਅਤੇ ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬੀ.ਐਸ.ਸੀ. ਹੋਮ ਸਾਇੰਸ ਅਤੇ ਬੀ.ਏ. 1, ਹੋਮ ਸਾਇੰਸ ਦੀਆਂ ਵਿਦਿਆਰਥਣਾਂ ਨੇ ਨਮਕ, ਦਾਲਾਂ, ਸੰਧੂਰ, ਲਕੜੀ ਦੇ ਬਰੀਕ ਚਿਪਸ ਅਤੇ ਬੁਰਾਦੇ ਨੂੰ ਰੰਗ ਕੇ ਮਨਮੋਹਕ ਰੰਗੋਲੀਆਂ ਬਣਾਈਆਂ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਜਿਓਮੈਟਰੀਕਲ, ਫਲੋਰਲ, ਪਸ਼ੂ ਪੰਛੀਆਂ ਦੇ ਅਤੇ ਸਭਿਆਚਾਰਕ ਡਿਜ਼ਾਇਨ ਬਣਾਏ ਗਏ।
- ਬੀ.ਏ. ਅਤੇ ਬੀ.ਐਸ.ਸੀ. 2 ਦੀਆਂ ਵਿਦਿਆਰਥਣਾਂ ਦੇ ਟਾਂਈ ਐਂਡ ਡਾਈ ਮੁਕਾਬਲਿਆਂ ਵਿੱਚ ਮਾਚਿਸ ਦੀਆਂ ਤੀਲੀਆਂ, ਕੱਚੇ ਟਾਂਕੇ, ਰੱਸੀ, ਸਿੱਕੇ ਅਤੇ ਪਿਸਤੇ ਦੇ ਛਿਲਕਿਆਂ ਆਦਿ ਨਾਲ ਕਪੱੜੇ ਨੂੰ ਬੰਨ੍ਹ ਕੇ ਚਾਦਰਾਂ, ਸੂਟ, ਟੇਬਲ ਕਵਰ, ਦੁੱਪਟੇ ਅਤੇ ਬੈਗ ਆਦਿ ਤਿਆਰ ਕੀਤੇ ਗਏ।
- ਬੀ.ਏ. ਅਤੇ ਬੀ.ਐਸ.ਸੀ. 3 ਦੀਆਂ ਵਿਦਿਆਰਥਣਾਂ ਦੇ ਕੁਕਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥਣਾਂ ਨੇ ਸਸਤੇ ਪੋਸ਼ਟਿਕ ਸਨੈਕਸ, ਐਨਰਜੀ ਡਰਿੰਕਸ ਅਤੇ ਕੇਕ ਤਿਆਰ ਕੀਤੇ।
- ਵਿਭਾਗ ਵਿਖੇ 10 ਰੋਜ਼ਾ ਵਰਕਸ਼ਾਪ ਵੀ ਲਗਾਈ ਗਈ। ਜਿਸ ਵਿੱਚ ਨਾ ਕੰਮ ਵਿੱਚ ਆਉਣ ਵਾਲੀਆਂ ਵਸਤਾਂ ਤੋਂ ਘਰ ਦੀ ਸਜਾਵਟ ਦਾ ਸਮਾਨ ਬਣਾਇਆ ਗਿਆ ਪੁਰਾਣੀਆਂ ਚੂੜੀਆਂ ਅਤੇ ਟੁੱਟੇ ਹੋਏ ਕਾਂਟਿਆਂ ਤੋਂ ਨਵੀਂ ਜਿਊਲਰੀ ਤਿਆਰ ਕੀਤੀ ਗਈ। ਖਾਲੀ ਕੱਚ ਦੀਆਂ ਬੋਤਲਾਂ ਤੋਂ ਫੁੱਲ ਦਾਨ, ਪੈਨ ਪੈਨਸਿਲ ਸਟੈਂਡ, ਵਾਲ ਹੇਗਿੰਗਜ਼ ਅਤੇ ਵਿੰਡ ਚਾਈਮਜ਼ ਬਣਾਉਣੇ ਸਿਖਾਏ ਗਏ।
- ਪੁਰਾਣੇ ਪਲਾਸਟਿਕ ਦੇ ਲਿਫ਼ਾਫ਼ਿਆ ਅਤੇ ਕੱਪੜਿਆਂ ਦੀਆਂ ਕਾਤਰਾਂ ਤੋਂ ਫੁੱਟ ਮੈਟ, ਪੁਰਾਣੇ ਫੱਟੇ ਗੱਤਿਆਂ ਅਤੇ ਬਟਨਾਂ ਤੋਂ ਸ਼ਾਦੀ ਦੇ ਕਾਰਡ, ਸ਼ਗਨ ਦੇ ਲਿਫ਼ਾਫ਼ੇ ਅਤੇ ਫਾਈਲ ਕਵਰ ਆਦਿ ਤਿਆਰ ਕਰਵਾਏ ਗਏ। ਪੁਰਾਣੀਆਂ ਜ਼ੀਨਜ਼ ਅਤੇ ਫੱਟੇ ਖੇਸਾਂ ਤੇ ਚਾਦਰਾਂ ਤੋਂ ਬੈਗ ਅਤੇ ਫੁੱਟ ਮੈਟ ਤਿਆਰ ਕਰਵਾਏ ਗਏ। ਪੱਥਰਾਂ, ਟਿਸ਼ੂ ਪੇਪਰਾਂ ਅਤੇ ਰੰਗਾਂ ਦੀ ਵਰਤੋਂ ਕਰਦੇ ਹੋਏ ਸਜਾਵਟੀ ਪੇਪਰ ਵੇਟ ਵੀ ਤਿਆਰ ਕਰਵਾਏ ਗਏ।

## ਡਾਂਸ ਵਿਭਾਗ

- 15 ਅਗਸਤ, 2018 ਨੂੰ **ਅਜ਼ਾਦੀ ਦਿਵਸ** ਅਤੇ 26 ਜਨਵਰੀ 2019 **ਗਣਤੰਤਰ ਦਿਵਸ** ਦੇ ਮੌਕੇ ਤੇ ਲੱਗਭੱਗ 250 ਵਿਦਿਆਰਥਣਾਂ ਦੇ ਗਿੱਧੇ ਦੀ ਪੇਸ਼ਕਾਰੀ ਦੇ ਕੇ ***ਮਾਣਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ*** ਪਾਸੋਂ ਟਰਾਫੀ ਪ੍ਰਾਪਤ ਕੀਤੀ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਵਿੱਚ ਵਿਭਾਗ ਦੀ ਸੰਮੀ ਡਾਂਸ ਦੀ ਟੀਮ (12 ਵਿਦਿਆਰਥਣਾਂ) ਨੇ ਭਾਗ ਲਿਆ।
- ਖੇਤਰੀ ਯੁਵਕ ਮੇਲੇ ਅਤੇ ਲੋਕ ਮੇਲੇ ਵਿੱਚ ਵਿਭਾਗ ਦੀ ਵਿਦਿਆਰਥਣ ਆਂਚਲ (ਐਮ.ਏ. 2) ਨੇ ਸ਼ਾਸ਼ਤਰੀ ਨ੍ਰਿਤ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

## ਅਰਥਸ਼ਾਸ਼ਤਰ ਵਿਭਾਗ

- ਮਿਤੀ 20.04.2018 ਨੂੰ **'Current Economics Issues'** ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਬੀ.ਏ. ਭਾਗ ਦੂਜਾ ਅਤੇ ਤੀਜਾ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ।
- ਮਿਤੀ 01.09.18 ਤੋਂ 10.09.18 ਤੱਕ **'Aspiration to migration and its effects'** ਵਿਸ਼ੇ ਉੱਤੇ ਆਰਥਿਕ ਸਰਵੇ ਕਰਵਾਇਆ ਗਿਆ।ਇਸ ਸਰਵੇ ਵਿੱਚ ਬੀ.ਏ.ਭਾਗ ਤੀਜਾ ਦੀਆਂ ਵਿਦਿਆਰਥਣਾਂ ਦੁਆਰਾ 500 ਦੇ ਲੱਗਭੱਗ ਪਰਿਵਾਰਾਂ ਦੇ ਮੈਂਬਰਾਂ ਦੀ ਵਿਦੇਸ਼ ਜਾਣ ਦੀ ਇੱਛਾ, ਇਸ ਦੇ ਕਾਰਨ ਅਤੇ ਵਿਦੇਸ਼ ਜਾ ਚੁੱਕੇ ਵਿਅਕਤੀਆਂ ਦਾ ਉਨ੍ਹਾਂ ਦੀ ਅਤੇ ਉਨ੍ਹਾਂ ਦੀ ਪਰਿਵਾਰ ਦੀ ਆਮਦਨ ਉੱਤੇ ਪ੍ਰਭਾਵ ਆਦਿ ਵੱਖ-ਵੱਖ ਪਹਿਲੂਆਂ ਬਾਰੇ ਪ੍ਰਸ਼ਨਾਵਲੀ ਦੇ ਦੁਆਰਾ ਜਾਣਕਾਰੀ ਪ੍ਰਾਪਤ ਕੀਤੀ ਗਈ।

## ਮਨੋਵਿਗਿਆਨ ਵਿਭਾਗ

- ਮਨੋਵਿਗਿਆਨ ਵਿਭਾਗ ਵੱਲੋਂ ਮਿਤੀ 21.02.2019 ਨੂੰ **" Mental Health: Testing and Counselling"** ਵਿਸ਼ੇ ਤੇ ਕਾਲਜ ਦੇ ਸਟਾਫ਼ ਅਤੇ ਵਿਦਿਆਰਥਣਾਂ ਲਈ ਵਰਕਸ਼ਾਪ ਕਰਵਾਈ ਗਈ।ਇਸ ਵਰਕਸ਼ਾਪ ਦਾ ਮੁੱਖ ਮੰਤਵ ਵਿਦਿਆਰਥਣਾਂ ਨੂੰ ਮਾਨਸਿਕ ਸਿਹਤ ਤੋਂ ਜਾਣੂੰ ਕਰਵਾਉਣਾ ਅਤੇ ਰੋਜ਼ਾਨਾ ਜਿੰਦਗੀ ਦੇ ਤਣਾਓ ਨੂੰ ਨਜਿੱਠਣ ਦੇ ਤਰੀਕੇ ਦਸੱਣਾ ਸੀ।
- ਇਸ ਤੋਂ ਇਲਾਵਾ ਇਸ ਵਰਕਸ਼ਾਪ ਰਾਹੀਂ ਮਨੋਵਿਗਿਆਨ ਦੀ ਵਿਦਿਆਰਥਣਾਂ ਨੂੰ ਵਿਸ਼ੇ ਦੀ ਪ੍ਰੈਕਟੀਕਲ ਜਾਣਕਾਰੀ ਅਤੇ ਸਮਾਜ ਵਿੱਚ ਲੜਕੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਤੋਂ ਜਾਗਰੂਕ ਕਰਵਾਉਣਾ ਸੀ।ਵਰਕਸ਼ਾਪ ਵਿੱਚ ਲੱਗਭੱਗ 200 ਵਿਦਿਆਰਥਣਾਂ ਨੇ ਆਪਣੇ ਵੱਖ-ਵੱਖ ਟੈਸਟ ਕਰਵਾਏ ਜਿਵੇਂ ਕਿ **Stress, Anxiety, Study habits, Academic Achievement Motivation, Adjustment, Memory, Personality ਆਦਿ।**
- ਮਿਤੀ 07.10.2018 ਨੂੰ ਮਨੋਵਿਗਿਆਨ ਵਿਭਾਗ ਦੀ ਬੀ.ਏ. ਭਾਗ ਤੀਜਾ ਅਤੇ ਦੂਜਾ ਦੀਆਂ 5 ਵਿਦਿਆਰਥਣਾਂ ਅਮਨਦੀਪ ਕੌਰ, ਵਿਭੂਤੀ ਸਿਆਲ, ਨਵਨੀਤ ਕੌਰ, ਰਮਨਪ੍ਰੀਤ ਕੌਰ ਅਤੇ ਚਾਹਤ ਮਾਨ ਨੇ **Rise Counselling and Psychotheraphy Clinic, Patiala** ਵੱਲੋਂ ਆਯੋਜਿਤ **"The Making of a Therapist "** ਵਿਸ਼ੇ ਤੇ ਟ੍ਰੇਨਿੰਗ ਵਰਕਸ਼ਾਪ ਵਿੱਚ ਭਾਗ ਲਿਆ।
- ਵਿਭਾਗ ਦੀਆਂ ਬੀ.ਏ. ਭਾਗ ਤੀਜਾ ਦੀਆਂ 3 ਵਿਦਿਆਰਥਣਾਂ ਵਿਭੂਤੀ ਸਿਆਲ, ਗੁਰਅਜ਼ੀਜ਼ ਅਤੇ ਉਸ ਨੇ Global youth Mental Health forum ਵੱਲੋਂ ਆਯੋਜਿਤ **'Thematic Apperception Test' workshop (8.9.2018)** ਵਿੱਚ ਭਾਗ ਲਿਆ।

## ਜੌਗਰਫ਼ੀ ਵਿਭਾਗ

- ਜੌਗਰਫ਼ੀ ਵਿਭਾਗ ਵੱਲੋਂ ਸੈਸ਼ਨ 2018-19 ਵਿੱਚ ਜੌਗਰਫ਼ੀ ਵਿਭਾਗ ਵਿਖੇ ਵਿਦਿਆਰਥਣਾਂ ਵਿਚਕਾਰ ਨਕਸ਼ਾ ਬਣਾਉਣ, ਚਾਰਟ ਬਣਾਉਣ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ।ਜਿਸ ਵਿੱਚ ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

- ਮਿਤੀ 06 ਫਰਵਰੀ, 2019 ਨੂੰ ਜੌਗਰਫ਼ੀ ਵਿਭਾਗ ਦੀਆਂ ਵਿਦਿਆਰਥਣਾਂ ਨੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਖੇਤਰੀ ਕੁਇਜ਼ ਮੁਕਾਬਲੇ ਵਿੱਚ ਹਿੱਸਾ ਲਿਆ।

## ਹਿਸਟਰੀ ਵਿਭਾਗ

ਮਿਤੀ 14.11.2018 ਨੂੰ **''ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ**' ਵਿਸ਼ੇ ਉੱਪਰ ਲੇਖ ਮੁਕਾਬਲਾ ਕਰਾਇਆ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਾਰਟ ਮੇਕਿੰਗ ਮੁਕਾਬਲਾ ਆਯੋਜਿਤ ਕੀਤਾ।

## ਬਾਟਨੀ /ਜ਼ੂਆਲੋਜੀ ਵਿਭਾਗ

ਮਿਤੀ 28.02.2018 ਨੂੰ ਵਿਭਾਗ ਵਿਖੇ ਨੈਸ਼ਨਲ ਸਾਇੰਸ ਡੇ ਦੇ ਮੌਕੇ ਉੱਤੇ ਭਾਸ਼ਣ ਪ੍ਰਤੀਯੋਗਤਾ ਕਰਵਾਈ ਗਈ ਜਿਸ ਵਿੱਚ ਵਿਦਿਆਰਥਣਾਂ ਨੇ ਵਾਤਾਵਰਣ ਸਬੰਧੀ ਸਮੱਸਿਆਂਵਾਂ ਉੱਤੇ ਭਾਸ਼ਣ ਪੇਸ਼ ਕੀਤੇ।

ਵਿਦਿਆਰਥਣਾਂ ਵੱਲੋਂ ਵਿਭਾਗ ਵਿੱਚ ਅਧਿਆਪਕ ਦਿਵਸ ਅਤੇ ਬਾਲ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਬੀ.ਐਸ.ਸੀ. ਭਾਗ ਦੂਜਾ ਅਤੇ ਤੀਜਾ ਦੀਆਂ ਵਿਦਿਆਰਥਣਾਂ ਨੂੰ ਕਾਲਜ ਕੈਂਪਸ ਦੇ ਵਿੱਚ ਪਾਈਆਂ ਜਾਣ ਵਾਲੀਆਂ ਬਨਸਪਤੀ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣੂੰ ਕਰਵਾਇਆ ਗਿਆ।

ਵਿਦਿਅਕ ਟੂਰ ਦੇ ਤਹਿਤ ਅਕਤੂਬਰ ਦੇ ਮਹੀਨੇ ਵਿੱਚ ਬੀ.ਐਸ.ਸੀ. ਭਾਗ ਦੂਜਾ ਦੀਆਂ ਵਿਦਿਆਰਥਣਾਂ ਨੂੰ ਬੀੜ ਮੋਤੀ ਬਾਗ **Bird Sanctuary** ਵਿਖੇ ਲਿਜਾਇਆ ਗਿਆ।ਵਿਦਿਆਰਥਣਾਂ ਨੇ ਇੱਥੇ ਆਪਣੇ ਵਿਸ਼ੇ ਦੇ ਨਾਲ ਸਬੰਧਤ ਜਾਨਵਰਾਂ, ਪੰਛੀਆਂ ਅਤੇ ਪੌਦਿਆਂ ਦੀਆਂ ਕਈ ਕਿਸਮਾਂ ਬਾਰੇ ਅਧਿਐਨ ਕੀਤਾ।

ਵਿਦਿਆਰਥਣਾਂ ਨੂੰ ਵਾਤਾਵਰਣ ਸਰੰਕਸ਼ਣ ਦੀ ਮਹੱਤਤਾ ਸਮਝਾਉਣ ਲਈ ਪੌਦਾ ਰੋਪਣ ਲਗਾਇਆ ਗਿਆ ਜਿਸਦੇ ਤਹਿਤ ਬਹੁਤ ਸਾਰੇ ਔਸ਼ਧੀਆਂ ਵਾਲੇ ਬੂਟੇ ਬੌਟੈਨੀਕਲ ਗਾਰਡਨ ਵਿੱਚ ਲਗਾਏ ਗਏ।

28 ਫਰਵਰੀ 2019 ਨੂੰ ਨੈਸ਼ਨਲ ਸਾਇੰਸ ਡੇ ਦੇ ਮੌਕੇ ਉੱਤੇ ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਵਿੱਚ ਇੰਟਰ ਕਲਾਸ ਕੁਇਜ਼ ਕੰਮਪੀਟੀਸ਼ਨ ਕਰਵਾਇਆ ਗਿਆ।

## ਬਾਇਓਟੈਕਾਲੋਜੀ ਵਿਭਾਗ

ਮਿਤੀ 3 ਅਗਸਤ 2018 ਨੂੰ ਵਿਭਾਗ ਵੱਲੋਂ ਵਿਸ਼ੇ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ।ਵਿਭਾਗ ਵੱਲੋਂ 5 ਸਤੰਬਰ 2018 ਨੂੰ ਅਧਿਆਪਕ ਦਿਵਸ ਮਨਾਇਆ ਗਿਆ ਅਤੇ 14 ਨਵੰਬਰ 2018 ਨੂੰ ਬਾਲ ਦਿਵਸ ਦੇ ਮੌਕੇ ਤੇ ਕੁਇਜ਼ ਮੁਕਾਬਲੇ ਕਰਵਾਏ ਗਏ।

## ਪੰਜਾਬੀ ਵਿਭਾਗ

- ਮਿਤੀ 30 ਅਗਸਤ, 2018 ਨੂੰ ਪ੍ਰੋ. ਕੰਵਲਜੀਤ ਕੌਰ (ਰਿਟਾ.) ਦਾ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਜਿਸਦਾ ਵਿਸ਼ਾ ਸੀ- ਡਾ. ਦਲੀਪ ਕੌਰ ਟਿਵਾਣਾ ਦੇ ਨਾਵਲ **'ਏਹੁ ਹਮਾਰਾ ਜੀਵਣਾ ਦਾ ਥੀਮਗਤ ਅਧਿਐਨ'**

- ਮਿਤੀ 01.11.2018 ਨੂੰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋ. ਕੁਲਤਾਰ ਸਿੰਘ ਨੇ ਪੰਜਾਬ ਦਿਵਸ ਮੌਕੇ ਭਾਸ਼ਾ ਵਿਭਾਗ ਵੱਲੋਂ ਆਯੋਜਿਤ ਸਾਹਿਤਕ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।
- ਮਿਤੀ 01.11.2018 ਨੂੰ ਪੰਜਾਬ ਦਿਵਸ ਦੇ ਮੌਕੇ ਬੀ.ਏ.ਭਾਗ ਤੀਜਾ ਪੰਜਾਬੀ ਸਾਹਿਤ ਦੀਆਂ ਵਿਦਿਆਰਥਣਾਂ ਨਾਲ **'ਮਾਂ ਬੋਲੀ ਪੰਜਾਬੀ ਦੀ ਅਜੋਕੀ ਸਥਿਤੀ'** ਸਬੰਧੀ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।
- ਮਿਤੀ 14.11.2018 ਨੂੰ **'ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ'** ਵਿਸ਼ੇ ਤੇ ਲੇਖ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਪ੍ਰਦੀਪ ਕੌਰ, ਬੀ.ਏ. ਭਾਗ ਪਹਿਲਾ (233) ਅਤੇ ਮਨਪ੍ਰੀਤ ਕੌਰ ਬੀ.ਏ.ਭਾਗ ਤੀਜਾ (3047) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।
- ਮਿਤੀ 20.11.2018 ਨੂੰ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਪੰਜਾਬੀ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਬੰਧੀ ਅੰਤਰ ਕਾਲਜ ਭਾਸ਼ਣ, ਲੇਖ ਕੁਇਜ਼ ਮੁਕਾਬਲੇ ਵਿੱਚ ਕਾਲਜ ਦੀ ਕੁਇਜ਼ ਟੀਮ ਨੇ ਪਹਿਲਾ ਸਥਾਨ, ਲੇਖ ਮੁਕਾਬਲੇ ਵਿੱਚ ਪਹਿਲਾ ਅਤੇ ਚੌਥਾ ਸਥਾਨ, ਭਾਸ਼ਣ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਪੰਜਾਬੀ ਵਿਭਾਗ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਮੂਲਮੰਤਰ ਦੇ 550 ਜਾਪ ਗੁਰਦੁਆਰਾ ਸਾਹਿਬ (ਹੋਸਟਲ) ਵਿਖੇ ਕਰਵਾਏ ਗਏ।
- ਮਿਤੀ 21.02.2019 ਨੂੰ ਕਾਲਜ ਵਿਖੇ **'ਮਾਤ੍ਰ ਭਾਸ਼ਾ ਦਿਵਸ'** ਮਨਾਇਆ ਗਿਆ ਅਤੇ ਵਿਦਿਆਰਥਣਾਂ ਨੂੰ ਮਾਂ ਬੋਲੀ ਦੀ ਕਦਰ ਕਰਨ ਲਈ ਪ੍ਰੇਰਿਆ ਗਿਆ।

## ਹਿੰਦੀ ਵਿਭਾਗ

ਮਿਤੀ 14.09.2018 ਨੂੰ ਹਿੰਦੀ ਵਿਭਾਗ ਵੱਲੋਂ ਹਿੰਦੀ ਦਿਵਸ ਮਨਾਇਆ ਗਿਆ। ਵਿਦਿਆਰਥਣਾਂ ਨੇ ਇਸ ਮੌਕੇ ਹਿੰਦੀ ਦੇ ਵੱਖ-ਵੱਖ ਉਪਵਿਸ਼ਿਆਂ ਤੇ ਆਪਣੀ ਪ੍ਰਸਤੁਤੀ ਦੇ ਕੇ ਪ੍ਰੋਗਰਾਮ ਨੂੰ ਸਫਲ ਬਣਾਇਆ ।

ਮਿਤੀ 29.10.2018 ਨੂੰ ਵਿਭਾਗ ਵੱਲੋਂ ਕਾਵਿ ਉਚਾਰਣ ਅਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਵਿਦਿਆਰਥਥਣਾਂ ਨੇ ਸਵੈ ਰਚਿਤ ਅਤੇ ਵੱਖ-ਵੱਖ ਕਵੀਆਂ ਦੀਆਂ ਕਵਿਤਾਵਾਂ ਦਾ ਰਸਮਈ ਗਾਇਨ ਕੀਤਾ। ਇਸ ਮੌਕੇ ਤੇ ਵਿਭਾਗ ਦੇ ਮੁਖੀ ਪ੍ਰੋ. ਰੇਨੂ ਗੋਇਲ ਨੇ ਵਿਦਿਆਰਥਣਾਂ ਨੂੰ ਲੁਪਤ ਹੋ ਰਹੀ ਛੰਦਮਈ ਕਵਿਤਾ ਦੇ ਮਹੱਤਵ ਨੂੰ ਦੱਸਦਿਆਂ ਵਿਦਿਆਰਥਣਾਂ ਦੇ ਗਿਆਨ ਵਿੱਚ ਵਾਧਾ ਕੀਤਾ।

## ਸੰਸਕ੍ਰਿਤ ਵਿਭਾਗ

ਸੰਸਕ੍ਰਿਤ ਵਿਭਾਗ ਵੱਲੋਂ ਮਿਤੀ 4 ਸਤੰਬਰ 2018 ਨੂੰ ਸੰਸਕ੍ਰਿਤ ਦਿਵਸ ਮੌਕੇ ਤੇ ਵਿਸਤਾਰ ਭਾਸ਼ਣ ਕਰਵਾਇਆ ਗਿਆ।ਮਿਤੀ 19.11.2018 ਨੂੰ **'ਕਾਲੀਦਾਸ ਜਯੰਤੀ** ' ਨੂੰ ਮਨਾਉਂਦੇ ਹੋਏ ਵਿਭਾਗ ਵੱਲੋਂ ਸ਼ਲੋਕ ਉਚਾਰਣ ਪ੍ਰਤੀਯੋਗਤਾ ਵੀ ਕਰਵਾਈ ਗਈ।

## ਅੰਗ੍ਰੇਜ਼ੀ ਵਿਭਾਗ

ਅਗਸਤ 2018 ਵਿੱਚ ਵਿਭਾਗ ਵੱਲੋਂ ਟੈਲੰਟ ਹੰਟ ਕਰਵਾਇਆ ਗਿਆ।ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਵਿਖੇ ਵਾਦ ਵਿਦਿਾ ਅਤੇ ਭਾਸ਼ਣ ਕਲਾ ਮੁਕਾਬਲੇ ਲਈ ਤਿੰਨ ਵਿਦਿਆਰਥੀਆਂ ਨੂੰ ਤਿਆਰ ਕੀਤਾ ਗਿਆ।ਵਿਦਿਆਰਥਣ ਰੀਆ ਨੇ ਭਾਸ਼ਣ ਕਲਾ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

ਅੰਗੇਜ਼ੀ ਲਿਟਰੇਰੀ ਸੁਸਾਇਟੀ ਦੀ ਸਾਲ 2018-19 ਦੀ ਮੀਟਿੰਗ ਕੀਤੀ ਅਤੇ ਕਲਾਸਾਂ ਦੇ ਨੁਮਾਇੰਦੇ ਚੁਣ ਕੇ ਸੁਸਾਇਟੀ ਦਾ ਸੰਗਠਨ ਕੀਤਾ

ਵਿਭਾਗ ਵੱਲੋਂ ਮਿਤੀ 04.10.2018 ਨੂੰ ਇੱਕ ਭਾਸ਼ਣ ਮੁਕਾਬਲਾ ਕਰਵਾਇਆ ਗਿਆ।ਇਸ ਵਿੱਚ 15 ਵਿਦਿਆਰਥੀਆਂ ਨੇ ਪਾਗ ਲਿਆ।

ਫੰਕਸ਼ਨਲ ਇੰਗਲਿਸ਼ ਦੇ ਵਿਦਿਆਰਥੀਆਂ ਨੂੰ ਪਟਿਆਲਾ ਰੇਡੀਓ ਸਟੇਸ਼ਨ ਦਿਖਾਇਆ ਗਿਆ ਅਤੇ ਰੇਡੀਓ ਸਟੇਸ਼ਨ ਦੇ ਕੰਮ-ਕਾਜ ਤੋਂ ਜਾਣੂ ਕਰਵਾਇਆ ਗਿਆ।ਇੱਕ ਪ੍ਰੋਗਰਾਮ ਵੀ ਰਿਕਾਰਡ ਕੀਤਾ ਗਿਆ ਜਿਹੜਾ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੋਇਆ।ਵਿਦਿਆਰਥਣਾਂ ਨੂੰ ਚੜਦੀ ਕਲਾ ਟਾਈਮ ਟੀਵੀ ਸਟੇਸ਼ਨ ਤੇ ਲਿਜਾਇਆ ਗਿਆ ਅਤੇ ਰਿਕਾਰਡਿੰਗ ਦਾ ਤਰੀਕਾ ਵੀ ਸਮਝਾਇਆ ਗਿਆ।ਵਿਦਿਆਰੀਆਂ ਨੇ ਇੱਕ ਪ੍ਰੋਗਰਾਮ ਵੀ ਰਿਕਾਰਡ ਕੀਤਾ ਜਿਹੜਾ ਟੀਵੀ ਸਟੇਸ਼ਨ ਤੋਂ ਪ੍ਰਸਾਰਿਤ ਹੋਇਆ।

## ਸੰਗੀਤ ਗਾਇਨ ਵਿਭਾਗ

- ਸੈਸ਼ਨ ਦੇ ਆਰੰਭ ਵਿੱਚ ਮਿਤੀ 10.08.2018 ਨੂੰ ਵਿਭਾਗ ਵਿੱਚ ਵਿਦਿਆਰਥਣਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਟੈਲੰਟ ਹੰਟ ਮੁਕਾਬਲੇ ਕਰਾਏ ਗਏ ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਵਧ -ਚੜ੍ਹ ਕੇ ਹਿੱਸਾ ਲਿਆ ਅਤੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।
- ਮਿਤੀ 18 ਸਤੰਬਰ 2018 ਨੂੰ ਗਾਇਨ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਪ੍ਰਸਾਰ ਭਾਰਤੀ ਅਕਾਸ਼ਵਾਣੀ ਕੇਂਦਰ, ਪਟਿਆਲਾ ਵਿਖੇ ਹੈਲਥ ਕੇਅਰ ਪ੍ਰੋਗਰਾਮ ਤਹਿਤ ਪੰਜਾਬੀ ਸੱਭਿਆਚਾਰਕ ਗੀਤ ਅਤੇ ਨਸ਼ਾ ਮੁਕਤੀ ਦੇ ਸਬੰਧ ਵਿੱਚ ਸੰਗੀਤਿਕ ਰਚਨਾਵਾਂ ਦਾ ਗਾਇਨ ਕੀਤਾ ਗਿਆ ਜੋ ਕਿ ਪ੍ਰੋਗਰਾਮ ਯੁਵਵਾਣੀ ਤਹਿਤ ਪ੍ਰਸਾਰ ਕੀਤਾ ਗਿਆ ।
- ਮਿਤੀ 24 ਸਤੰਬਰ 2018 ਨੂੰ ਕਾਲਜ ਘੱਟ ਗਿਣਤੀ ਵਰਗ ਸਬੰਧੀ ਹੋਏ ਲੈਕਚਰ ਤੇ ਅਤੇ ਮਿਤੀ 12 ਜਨਵਰੀ 2019 ਨੂੰ ਕਾਲਜ ਵਿੱਚ ਤੰਦਰੁਸਤ ਪੰਜਾਬ ਮਿਸ਼ਨ ਤੇ ਨਸ਼ਾ ਮੁਕਤੀ ਤੇ ਲੋਹੜੀ ਮਨਾਉਣ ਸਬੰਧੀ ਪ੍ਰੋਗਰਾਮ ਵਿੱਚ ਉਦਘਾਟਨ ਸ਼ਬਦ ''' ਦੇਹਿ ਸ਼ਿਵਾ ਬਰੁ ਮੋਹਿ'' ਦਾ ਗਾਇਨ ਕੀਤਾ।
- ਮਿਤੀ 15 ਅਕਤੂਬਰ ਤੋਂ 18 ਅਕਤੂਬਰ 2018 , ਪਟਿਆਲਾ ਦੇ ਖੇਤਰੀ ਯੁਵਕ ਮੇਲਾ ਅਤੇ ਲੋਕ ਮੇਲੇ ਦੇ ਅੰਤਰਗਤ , ਸਮੂਹ ਸ਼ਬਦ ਗਾਇਨ , ਭਾਰਤੀਯ ਸਮੂਹ ਗਾਣਾ, ਗਜ਼ਲ, ਸ਼ਾਂਸ਼ਤਰੀ ਸੰਗੀਤ , ਲੋਕ ਗੀਤ , ਵਾਰ ਗਾਇਨ ਕਵੀਸ਼ਰੀ ਆਾਈਟਮਾਂ ਨੇ ਭਾਗ ਲਿਆ ਅਤੇ ਸ਼ਲਾਘਾ ਯੋਗ ਗਾਇਨ ਪ੍ਰਸਤੁਤ ਕੀਤਾ ਜਿਸ ਵਿੱਚ ਭਾਰਤੀ ਸਮੂਹ ਗਾਇਨ ਨੇ ਦੂਜਾ ਸਥਾਨ ਅਤੇ ਸ਼ਾਸ਼ਤਰੀ ਸੰਗੀਤ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।30 ਅਕਤੂਬਰ ਤੋਂ 2 ਨਵੰਬਰ 2018 ਤੰਕ ਕਰਵਾਏ ਗਏ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਸਮੂਹ ਗਾਇਨ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਮਾਣ ਪ੍ਰਾਪਤ ਕੀਤਾ।

- ਮਿਤੀ 19 ਤੋਂ 24 ਫਰਵਰੀ 2019 ਪਟਿਆਲਾ ਕਿਲ੍ਹਾ ਮੁਬਾਰਕ ਵਿੱਚ ਕਰਵਾਏ ਗਏ ਪਟਿਆਲਾ ਹੈਰੀਟੇਜ਼ ਫੈਸਟੀਵਲ ਵਿੱਚ ਸੰਗੀਤ ਗਾਇਨ ਵਿਭਾਗ ਦੀਆਂ ਵਿਦਿਆਰਥਣਾਂ ਅਤੇ ਅਧਿਆਪਕਾਂ ਨੇ ਭਾਗ ਲਿਆ ਅਤੇ ਉੱਚ ਕੋਟੀ ਦੇ ਸੁਪ੍ਰਸਿੱਧ ਉਸਤਾਦ ਗਾਇਕਾਂ ਦੀ ਸੰਗਤ ਵਿੱਚ ਬੈਠ ਕੇ ਉਹਨਾਂ ਦਾ ਮਧੁਰ ਗਾਇਨ ਸੁਣਨ ਦਾ ਸੁਭਾਗ ਪਾਪਤ ਹੋਇਆ।

## ਸੰਗੀਤ ਵਾਦਨ ਵਿਭਾਗ

ਸੈਸ਼ਨ ਦੇ ਆਰੰਭ ਵਿੱਚ ਵਿਦਿਆਰਥਣਾਂ ਦੇ ਟੈਲੰਟ ਨੂੰ ਖੋਜਣ ਲਈ ਵਿਭਾਗ ਵਿਖੇ ਮਿਤੀ 10.08.2018 ਨੂੰ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ ਗਏ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਮੇਲੇ ਜੋ ਸ. ਜਸਦੇਵ ਸਿੰਘ ਸੰਧੂ ਕਾਲਜ ਕੌਲੀ ਵਿਖੇ ਮਿਤੀ 15.10.2018 ਤੋਂ 18.10.2018 ਨੂੰ ਹੋਇਆ, ਵਿੱਚ ਵਿਭਾਗ ਦੀ ਬੀ.ਏ. ਦੀ ਵਿਦਿਆਰਥਣ ਕਰਿਮਾ ਨੇ ਕਲਾਸੀਕਲ ਇੰਸਟਰੂਮੈਂਟਲ ਨਾਨ ਪ੍ਰਕਸ਼ਨ ਦੀ ਆਈਟਮ ਵਿੱਚ ਭਾਗ ਲਿਆ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ।

ਸਮੇਂ-ਸਮੇਂ ਤੇ ਹੋਣ ਵਾਲੇ ਸੰਗੀਤ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ।

## ਸਰੀਰਕ ਸਿੱਖਿਆ ਵਿਭਾਗ

ਪ੍ਰਿੰਸੀਪਲ ਮੈਡਮ ਜੀ ਦੀ ਅਗਵਾਈ ਹੇਠ ਪ੍ਰੋ. ਗੁਰਿਦਰ ਕੌਰ (ਮੁੱਖੀ ਸਰੀਰਿਕ ਸਿੱਖਿਆ ਵਿਭਾਗ) ਅਤੇ ਡਾ. ਬਲਜੀਤ ਕੌਰ ਵੱਲੋਂ ਕਾਲਜ ਦਾ 54ਵਾਂ ਸਾਲਾਨਾ ਖੇਡ ਸਮਾਰੋਹ ਮਿਤੀ 19.03.2019 ਨੂੰ ਕਰਵਾਇਆ ਗਿਆ ਜਿਸ ਵਿੱਚ ਕਿਰਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਰੋਲ ਨੰਬਰ 1700 ਨੂੰ ਸਰਬੋਤਮ ਖਿਡਾਰਨ ਐਲਾਲਿਆ ਗਿਆ।

ਮਿਤੀ 12 ਜਨਵਰੀ 2019 ਨੂੰ ਮਿਸ਼ਨ ਤੰਦਰੁਸਦ ਪੰਜਾਬ ਅਧੀਨ ਸਿਹਤਮੰਦ ਜੀਵਨ ਜਿਊਣ ਅਤੇ ਬੀਮਾਰੀਆਂ ਤੋਂ ਬਚਾਉਣ ਸਬੰਧੀ , ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਫਿਜ਼ੀਕਲ ਐਜੂਕੇਸ਼ਨ ਵਿਭਾਗ ਵੱਲੋਂ ਯੋਗ ਦੀਆਂ ਲੜਕੀਆਂ ਨੇ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਯੋਗਾ ਦੇ ਆਸਣ ਕੀਤੇ ਗਏ।ਜਸ਼ਨਦੀਪ ਕੌਰ ਬੀ.ਏ. ਭਾਗ ਦੂਜਾ , ਅਮਨਪ੍ਰੀਤ ਕੌਰ ਬੀ.ਏ. ਭਾਗ ਦੂਜਾ ਅਤੇ ਸੰਦੀਪ ਕੌਰ ਨੇ ਗਣਤੰਤਰ ਦਿਵਸ ਵਾਲੇ ਦਿਨ ਵੀ ਯੋਗ ਦੀਆਂ ਝਲਕੀਆਂ ਪੇਸ਼ ਕੀਤੀਆਂ।

## ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ

- 1 ਤੋਂ 7 ਅਗਸਤ BREAST FEEDING DAY ਦੌਰਾਨ ਪੋਸਟਰ ਮੇਕਿੰਗ ਅਤੇ ਕੈਪਸ਼ਨ ਰਾਇਟਿੰਗ ਮੁਕਾਬਲਾ ਕਰਵਾਇਆ ਗਿਆ।

- 1 ਤੋਂ 7 ਸਤੰਬਰ ਵਿਭਾਗ ਵਿੱਚ ਕੌਮੀ ਪੋਸ਼ਣ ਹਫਤਾ ਮਨਾਇਆ ਗਿਆ।7 ਸਤੰਬਰ ਨੂੰ ਵਿਦਿਆਰਥੀਆਂ ਨੇ ਕੈਫੇਟੇਰੀਆ ਦਾ ਆਯੋਜਨ ਕੀਤਾ ਜਿਸ ਵਿੱਚ ਸੰਤੁਲਿਤ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦਾ ਸਟਾਲ ਲਗਾਇਆ ਗਿਆ।
- 02 ਸਤੰਬਰ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਅਤੇ ਸਟਾਫ ਨੇ ਪੀ.ਜੀ. ਆਈ. ਚੰਡੀਗੜ੍ਹ ਦੇ ਡਾਇਟੇਟਿਕਸ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ CNE Programme on Surgical Nutrition ਵਿੱਚ ਹਿੱਸਾ ਲਿਆ ਗਿਆ।
- 18 ਸਤੰਬਰ 2018 ਨੂੰ ਸ਼ੀਨਮ ਕਾਲੜਾ , ਕਰਨਪ੍ਰੀਤ ਕੌਰ ਅਤੇ ਜਸਲੀਨ ਕੌਰ ਨੇ ਰੇਡੀਓ ਸਟੇਸ਼ਨ ਤੇ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ Weight loss , Balanced diet and Harmful Effects of Junk Food ਵਿਸ਼ਿਆਂ ਤੇ ਪ੍ਰੋਗਰਾਮ ਪੇਸ਼ ਕੀਤਾ।
- ਮਿਤੀ 19 ਸਤੰਬਰ 2018 ਨੂੰ ਐਮ.ਐਸ.ਸੀ. ਭਾਗ ਪਹਿਲਾ ਦੀ ਸ਼ਿਪਰਾ ਅਗਰਵਾਲ ਨੇ ਦੀਪਕ ਹਸਪਤਾਲ, ਲੁਧਿਆਣਾ ਵੱਲੋਂ National Nutrition Month ਦੌਰਾਨ ਵੀਨਿੰਗ ਫੂਡ ਦੀ ਤਿਆਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।
- ਮਿਤੀ 21 ਸਤੰਬਰ ਨੂੰ ਸ਼ਿਪਰਾ ਅਗਰਵਾਲ ਅਤੇ ਹਸਿਮਰਨ ਕੌਰ ਨੇ CMC Ludhiana ਵੱਲੋਂ ਗਰਵਾਈ ਗਈ CNE on Kidney Disorders ਵਿੱਚ ਹਿੱਸਾ ਲਿਆ
- ਵਿਭਾਗ ਨੇ ਵਿਦਿਆਰਥੀਆਂ ਲਈ ਮਾਈਕਰੋਬਾਇਓਲੌਜੀ ਨਾਲ ਸਬੰਧਿਤ ਵਿਸ਼ੇ ਤੇ ਵਿਸਤਾਰ ਭਾਸ਼ਣ ਦਾ ਆਯੋਜਨ ਕੀਤਾ ਗਿਆ।
- ਮਿਤੀ 29 ਸਤੰਬਰ 2018 ਨੂੰ ਵਿਦਿਆਰਥੀਆਂ ਨੇ ਫੋਕਲ ਪੁਆਇੰਟ ਪਟਿਆਲਾ ਵਿਖੇ ਝਗ। Bakers, Bakery Industry ਦਾ ਦੌਰਾ ਕੀਤਾ ਅਤੇ Cake baking , Cake decoration ns/ Breast Feeeding ਤੇ ਜਾਣਕਾਰੀ ਪ੍ਰਾਪਤ ਕੀਤਾ।
- ਮਿਤੀ 14 ਨਵੰਬਰ 2018 ਨੂੰ ਨਿਊਟ੍ਰੀਸ਼ਨ ਸੋਸਾਇਟੀ ਆਫ ਇੁਡੀਆ ਵੱਲੋਂ ਹੈਦਰਾਬਾਦ ਵਿਖੇ ਆਯੋਜਿਤ 50ਵੀਂ ਸਾਲਾਨਾ ਕਾਨਫਰੰਸ ਤੇ ਹਿਮਲੇਸ਼ , ਅਮਨਦੀਪ ਕੌਰ ਅਤੇ ਬਰਿੰਦਰ ਕੌਰ ਵੱਲੋਂ ਪੋਸਟਰ ਪੇਸ਼ ਕੀਤਾ ਗਿਆ।
- ਐਮ.ਐਸ.ਸੀ. ਭਾਗ ਦੂਜਾ ਦੀ ਸ਼ੀਨਮ ਕਾਲੜਾ ਨੇ ਮੋਗਾ ਵਿਖੇ ਵੱਖ-ਵੱਢ ਮੌਕਿਆਂ ਤੇ ਸਿਹਤ ਸਬੰਧਿਤ ਵਿਵਿਸ਼ਆਂ ਤੇ ਲੈਕਚਰ ਦਿੱਤੇ।

## *ਸਟਾਫ ਦੀਆਂ ਪ੍ਰਾਪਤੀਆਂ*

### ਪ੍ਰੋ. ਰੇਨੂੰ ਗੋਇਲ (ਹਿੰਦੀ)

ਮਿਤੀ 14.09.2018 ਨੂੰ ਭਾਸ਼ਾ ਵਿਭਾਗ ਦੁਆਰਾ ਰਾਜ ਪੱਧਰ ਤੇ ਮਨਾਏ ਗਏ ਹਿੰਦੀ ਦਿਵਸ ਦੇ ਮੌਕੇ ਦਤੇ ਕਾਲਜ ਵੱਲੋਂ ਸ਼ਿਰਕਤ ਕੀਤੀ।

### ਪ੍ਰੋ. ਚਰਨਜੀਤ ਕੌਰ (ਜੌਗਰਫੀ)

ਪ੍ਰੋ. ਚਰਨਜੀਤ ਕੌਰ ਨੇ ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 2-3 ਨਵੰਬਰ 2018 ਨੂੰ 19ਵੀਂ APG Meet and International conference on Sustainable Agriculture , food Security and Environment ਵਿੱਚ ਭਾਗ ਲਿਆ।

## ਪ੍ਰੋ. ਰਾਜਿੰਦਰ ਕੌਰ (ਸੰਗੀਤ ਗਾਇਨ)

- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੋਰਡ ਆਫ ਪੋਸਟ ਗ੍ਰੈਜੂਏਟ ਸਟੱਡੀਜ਼ ਇਨ ਮਿਊਜਿਕ ਦਾ ਮੈਂਬਰ ਨਿਯੁਕਤ ਕੀਤਾ।
- ਮਿਤੀ 22 ਨਵੰਬਰ 2018 ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਟੀਚਿਊਟ ਆਫ ਅਡਵਾਂਸ ਸਟੱਡੀਜ਼ ਇਨ ਸਿੱਖਇਜ਼ਿਮ ਬਹਾਦਰਗੜ੍ਹ ਪਟਿਆਲਾ ਵਿਖੇ ਸ਼੍ਰੀ ਗੁਰਸ਼ ਨਾਨਕ ਦੇਵ ਜੀ ਦੇ 550ਸਾਲਾ ਗੁਰਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਤੇ ਵਰਤਮਾਨ ਮਨੁੱਖੀ ਸਰੋਕਾਰ ਵਿਸ਼ੇ ਤਹਿਤ ਇੱਕ ਰੋਜਾਂ ਸੈਮੀਨਾਰ ਵਿੱਚ ਭਾਗ ਲਿਆ ਅਤੇ ਮਿਤੀ 2-3 ਨਵੰਬਰ 2018 ਨੂੰ ਖਾਲਸਾ ਕਾਲਜ ਪਟਿਆਲਾ ਵਿਖੇ ਕਾਰਵਾਈ ਗਈ 19ਨਵੀਂ APG ਇੰਟਰਨੈਸ਼ਨਲ ਕਾਨਫਰੰਸ ਵਿਸ਼ਾ ਫੂਡ ਸਕਿਓਰਟੀ ਐਂਡ ਐਨਵਾਇਰਨਮੈਂਟ ਵਿੱਚ ਭਾਗ ਲਿਆ।
- ਮਿਤੀ 29 ਜਨਵਰੀ 2019 ਨੂੰ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਕਰਵਾਏ ਗਏ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਸਾਲਾ ਪ੍ਰਕਾਸ ਗੁਰਪੂਰਬ ਨੂੰ ਸਮਰਪਿਤ ਰਾਸ਼ਟਰੀ ਸੈਮੀਨਾਰ ਵਿਸ਼ਾ ਅਜੋਕੀ ਸਿੱਖਿਆ ਪ੍ਰਣਾਲੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਤਾਂ ਦੀ ਮਹੱਤਤਾ ਵਿੱਚ ਬਤੌਰ ਡੈਲੀਗੇਟ ਹਿੱਸਾ ਲਿਆ।
- ਮਿਤੀ 07 ਅਗਸਤ ਨੂੰ ''spic-macay" ਵੱਲੋਂ ਕਰਵਾਏ ਗਏ ਖਾਲਸਾ ਕਾਲਜ ਪਟਿਆਲਾ ਵਿਖੇ ਉਸਤਾਦ ਸ਼ਾਹਿਦ ਪਰਵੇਨ ਜੀ ਦੇ ਸਿਤਾਰ ਵਾਦਨ ਦੇ ਸ਼ਸਸਤਰੀਕਰਨ ਪ੍ਰੋਗਰਾਮ ਦਾ ਆਨੰਦ ਮਾਣਿਆ। ਮਿਤੀ 02-03 ਨਵੰਬਰ 2018 ਨੂੰ ਖਾਲਸਾ ਕਾਲ ਪਟਿਆਲਾ ਵਿਖੇ ਕਰਵਾਈ ਗਈ 19ਵੀਂ AGP ਇੰਟਰਨੈਸ਼ਨਲ ਕਾਨਫਰੰਸ ਵਿਸ਼ਾ ਫੂਡ ਸਕਿਓਰਟੀ ਐਂਡ ਇਨਵਾਇਰੈਨਮੈਂਟ ਵਿੱਚ ਭਾਗ ਲਿਆ।
- ਮਿਤੀ 17 ਨਵੰਬਰ 2018 ਨੂੰ ਗੁਰੂਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਕਰਵਾਏ ਗਏ '' 27ਵਾਂ ਅਦੁੱਤੀਹ ਗੁਰਮਤਿ ਸੰਗੀਤ ਸੰਮੇਲਨ ਵਿੱਚ ਰਾਗ ਨਿਰਧਾਰਿਤ ਸ਼ਬਦ ਗਾਇਨ ਪ੍ਰਸਤੁਤ ਕਰਕੇ ਸਨਮਾਨ ਕਰਕੇ ਸਨਮਾਨ ਸਿਰੋਪਾਓ ਪ੍ਰਾਪਤ ਕੀਤਾ।
- ਮਿਤੀ 15 ਜਨਵਰੀ 2019 ਨੂੰ ਗੁਰੂ ਨਾਨਕ ਸਰ ਕੁਟੀਆ ਪਟਿਆਲਾ ਵਿਖੇ ਕਰਵਾਏ ਗਏ '' ਗੁਰੈਭਗਤੀ ਸ਼ਬਦ ਜਾਪ 550 ਸਾਲਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਵਿੱਚ ਰਾਗ ਥਮਾਸਰੀਪ ਬਾਣੀ ਤੇ ਹੋਰ ਨਿਰਧਾਰਿਤ ਰਾਗਾਂ ਵਿੱਚ ਕੀਰਤਨ ਗਾਇਨ ਕਰਕੇ ਸਨਮਾਨ ਚਿੰਨ੍ਹ ਪ੍ਰਾਪਤ ਕੀਤਾ।
- ਪੰਜਾਬੀ ਯੂਨੀਗਰਸਿਟੀ ਪਟਿਆਲਾ ਵਿੱਚ ਲਗਾਏ ਗਏ (ਮਿਤੀ 21 ਤੋਂ 25 ਫਰਵਰੀ 2019) ਦੇ 'ਪੁਸਤਕ ਮੇਲਾ ਪਬਦਰਸ਼ਨੀ ' ਵਿੱਚ ਸਸ਼ਮੂਲੀਅਤ ਕਰਕੇ ਸ਼੍ਰੀਮਤੀ ਤੇ ਖਾਸ ਵਿਸ਼ੇਸ਼ ਕਿਤਾਬਾਂ ਦਾ ਭਾਗ ਲਿਆ।
  ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖਾਲਸਾ ਕਾਲਜ ਪਟਿਆਲਾ ਵਿਖੇ ਮਿਤੀ 07-08 ਮਾਰਚ 2019 ਨੂੰ ਕਰਵਾਈ ਗਈ '' ਗਲੋਬਲ ਪੰਜਾਬੀ ਕਾਨਫਰੰਸ '' ਵਿੱਚ ਭਾਗ ਲਿਆ।

- ਮਿਤੀ 09.03.2019 ਨੂੰ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਕਰਵਾਏ ਗਏ ਇੱਕ ਰੋਜਾਂ ਰਾਸ਼ਟਰੀ ਸੈਮੀਨਾਰ ਵਿਸ਼ਾ:- State , Society and Security L An Indian Perspective ਵਿੱਚ ਬਤੌਰ ਡੈਲੀਗੇਟ ਭਾਗ ਲਿਆ।

**ਡਾ.ਤੇਜਿੰਦਰ ਕੌਰ (ਡਾਇਟ ਐਂਡ ਨਿਊਟ੍ਰੀਸ਼ਨ)**

- ਡਾ. ਤੇਜਿੰਦਰ ਕੌਰ (ਪ੍ਰੋ. ਡਾਇਟ ਐਂਡ ਨਿਊਟ੍ਰੀਸ਼ਨ )_ਨੂੰ **ਫੈਕਲਟੀ ਆਫ ਲਾਈਫ ਸਾਇੰਸਜ਼, ਪੰਜਾਬੀ ਯੂਨੀਵਰਸਿਟੀ ਵੱਲੋਂ ਅੰਡਰ ਗਰੈਜੂਏਟ ਇਨ ਹੋਮ ਸਾਂ**ਇੰਸ ਅਤੇ ਪੀ.ਜੀ. ਇਨ ਫੂਡ ਐਂਡ ਨਿਊਟ੍ਰੀਸ਼ਨ ਅਤੇ ਖਾਲਸਾ ਕਾਲਜ ਪਟਿਆਲਾ (ਆਟੋਨਾਮਸ ਕਾਲਜ) ਦੇ ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ ਦੇ ਮੈਂਬਰ ਨਿਯੁਕਤ ਕੀਤਾ ਗਿਆ।
- ਆਪ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਵਿਕਾਸ ਕੌਂਸਲ ਵੱਲੋਂ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਬਰਨਾਲਾ ਵਿਖੇ ਬਤੌਰ ਵਿਸ਼ਾ ਮਾਹਿਰ ਭੇਜਿਆ ਗਿਆ।
- ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖਾਲਸਾ ਕਾਲਜ ਪਟਿਆਲਾ ਦੇ ਪੀ.ਜੀ. ਡਿਪਾਰਟਮੈਂਟ ਆਫ ਫੈਸ਼ਨ ਡਿਜਾਇਨਿੰਗ ਅਤੇ ਹੋਮ ਸਾਇੰਸ ਵਿਭਾਗ ਵੱਲੋਂ ਹਸਤਕਾਰੀ ਪ੍ਰਦਰਸ਼ਨੀ ਲਈ ਜੱਜ ਦੀ ਭੂਮਿਕਾ ਨਿਭਾਈ।
- ਆਪ ਜੀ ਨੂੰ ਬੀ.ਐਸ.ਸੀ. ( ਫੈਸ਼ਨ ਟੈਕਨਾਲੋਜੀ) ਐਚ.ਐਚ.ਐਮ ਅਤੇ ਬੀ.ਐਸ.ਸੀ. ਘੱਗਰੀ ਕਲਚਰ ਦੇ ਕੋਰਸਾਂ ਦੀ ਪ੍ਰਵਾਨਗੀ ਸਬੰਧੀ ਉਪਲਬਧ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਪੰਜਾਬੀ ਯੂਨਵਰਸਿਟੀ ਵੱਲੋਂ ਬਤੌਰ ਕਮੇਟੀ ਕਨਵੀਨਰ ਭੇਜਿਆ ਗਿਆ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ.ਐਸ.ਸੀ. (ਫੈਸ਼ਨ ਟੈਕਨਾਲੋਜੀ) ਬੀ.ਕਾਮ, ਬੀ. ਲਿਬ ਅਤੇ ਡੀ ਲਿਬ ਕੋਰਸਾਂ ਨੂੰ ਜਾਰੀ ਰੱਖਣ ਦੀ ਪ੍ਰਵਾਨਗੀ ਲਈ ਗਠਿਤ ਕਮੇਟੀ ਦੇ ਮੈਂਬਰ ਵਜੋਂ ਦੀ ਐਨਲਾਈਟੈਂਡ ਡਿਗਰੀ ਕਾਲਜ ਪਿੰਡ ਝੁਨੀਰ ਵਿਖੇ ਭੇਜਿਆ ਗਿਆ।

**ਪ੍ਰੋ. ਹਰਤੇਜ ਕੌਰ (ਅੰਗ੍ਰੇਜ਼ੀ)**

- ਆਪ ਨੇ ਬ੍ਰਿਟਿਸ਼ ਕੋ ਐਡ ਸਕੂਲ ਵਿੱਚ ਦੋ ਵਾਰ ਡਿਬੇਟ ਮੁਕਾਬਲਾ ਜੱਜ ਕੀਤਾ।
- ਯਾਦਵਿੰਦਰਾ ਪਬਲਿਕ ਸਕੂਲ ਵਿੱਚ ਹੋਈ ਗੋਲਡਸਟੀਨ ਡਿਬੇਟ ਵਿੱਚ ਬਤੌਰ ਜੱਜ ਭੂਮਕਾ ਨਿਭਾਈ।
- ਲੇਖਕ ਸੁਰਿੰਦਰ ਨੀਰ ਦੀ ਪੰਜਾਬੀ ਕਹਾਣੀ 'ਲਵਾਸੇ' ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਅਤੇ ਇਹ ਅਨੁਵਾਦਿਤ ਕਹਾਣੀ ਦਿੱਲੀ ਤੋਂ ਛਪਦੇ ਇੱਕ ਰਸਾਲੇ '' City- A journal of South Asian Literature'' ਦੇ ਅਕਤੂਬਰ 2018 ਦੇ ਅੰਕ ਵਿੱਚ ਛਾਪੀ ਗਈ।

**ਡਾ. ਬਲਵਿੰਦਰ ਕੌਰ( ਹੋਮ ਸਾਂਇੰਸ)**

ਆਪ ਦੇ ਦੋ ਖੋਜ ਪੱਤਰ ਅੰਤਰਰਾਸ਼ਟਰੀ ਜਰਨਲ ਆਫ ਹੋਮ ਸਾਇੰਸ ਵਿੱਚ ਪ੍ਰਕਾਸ਼ਿਤ ਹੋਏ।

- Intake of nutrient and prevalent food beliefs among pregnant pregnant women in Punjab.
- "Food habits and Dietary pattern of the elderly men belonging to different income groups" International Journal of Home Science ISSN 2395-7476 ਕ੍ਰਮਵਾਰ ਸਤੰਬਰ ਅਤੇ ਦਸੰਬਰ 2018 ਵਿੱਚ ਪ੍ਰਕਾਸ਼ਿਤ ਹੋਏ।

  ਇੱਕ ਖੋਜ ਪੱਤਰ " How relationship are influenced in business dealing ." ਅੰਤਰਰਾਸ਼ਟਰੀ ਜਰਨਲ ਆਫ ਸਾਇੰਟੀਫਿਕ ਐਂਡ ਰਿਸਚਰ ਪਬਲੀਕੇਸ਼ਨ ਵਿੱਚ ਦਸੰਬਰ 2018 ਵਿੱਚ ਪ੍ਰਕਾਸ਼ਿਤ ਹੋਇਆ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਨਵਰੀ 2019 ਵਿੱਚ ਲੈਕਚਰਾਰ ਹੋਮ ਸਾਂਇੰਸ ਦੀ ਨਿਯੁਕਤੀ ਕਰਨ ਲਈ ਆਪ ਨੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਬਤੌਰ ਵਿਸ਼ਾ ਮਾਹਿਰ ਸ਼ਿਰਕਤ ਕੀਤੀ।

## ਡਾ. ਪ੍ਰੀਤਇੰਦਰ ਕੌਰ (ਸੰਗੀਤ ਵਾਦਨ)

ਡਾ. ਪ੍ਰੀਤਇੰਦਰ ਕੌਰ ਅਧੀਨ ਸਿੰਘਾਨੀਆ ਯੂਨੀਵਰਸਿਟੀ ਪਚੇਰੀ ਬਾਰੀ ਝੁੰਨਝੁਨੁ (ਰਾਜਸਥਾਨ) ਵਿਖੇ ਇੱਕ ਵਿਦਿਆਰਥੀ ਦੀ ਪੀ.ਐਚ.ਡੀ. ਐਨਰੋਲਮੈਂਟ ਹੋਈ।

## ਡਾ. ਪੁਸ਼ਪਿੰਦਰ ਸਰੋਆ(ਡਾਂਸ)

ਡਾਂਸ ਵਿਭਾਗ ਦੇ ਪ੍ਰੋ. ਪੁਸ਼ਪਿੰਦਰ ਸਰੋਆ ਨੇ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

## ਡਾ. ਜਗਮੋਹਨ ਸ਼ਰਮਾ(ਸੰਗੀਤ ਵਾਦਨ)

- ਸੰਸਥਾ ਲਈ ਬਹੁਤ ਹੀ ਮਾਣ ਦੀ ਗੱਲ ਹੈ ਕਿ ਡਾ. ਜਗਮੋਹਨ ਸ਼ਰਮਾ ਨੂੰ ਜੰਮੂ ਕਸ਼ਮੀਰ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਮਿਤੀ 03.12.2018 ਨੂੰ ਬਤੌਰ ਵਿਸ਼ਾ ਮਾਹਿਰ ਸੱਦਿਆ ਗਿਆ।
- ਜੇ.ਐਲ.ਐਨ ਸਰਕਾਰੀ ਕਾਲਜ ਫਰੀਦਾਬਾਦ ਵਿਖੇ ਮਿਤੀ 16 ਅਤੇ 17 ਮਾਰਚ 2018 ਨੂੰ ਨੈਸ਼ਨਲ ਸੈਮੀਨਾਰ ਵਿਸ਼ਾ: **Mutual Application of music and literature** ਵਿੱਚ Key note Speaker ਦੀ ਭੂਮਿਕਾ ਨਿਭਾਈ।
- ਮਿਤੀ 21 ਅਕਤੂਬਰ 2018 ਨੂੰ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਰਾਸ਼ਟਰ ਪੱਧਰੀ ''ਉਸਤਾਦ ਅੱਲਾ ਰੱਖਾ ਸੰਗੀਤ ਸੰਮੇਲਨ '' ਵਿੱਚ ਸੰਗੀਤ ਦੇ ਵੱਡਮੁੱਲੇ ਯੋਗਦਾਨ ਲਈ ਡਾ. ਜਗਮੋਹਨ ਸ਼ਰਮਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਦੇ ਕੇ ਨਿਵਾਜਿਆ ਗਿਆ।
- ਜੋਨਲ ਅਤੇ ਇੰਟਰ ਜੋਨਲ ਯੂਥ ਫੈਸਟੀਵਲ ਵਿੱਚ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ , ਸ਼ਿਮਲਾ ਵੱਲੋਂ ਸਰਕਾਰੀ ਕਾਲਜ ਧਰਮਸ਼ਾਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਬਾਦਲ ਅਤੇ ਮਲੋਟ, ਗੁਰੂ ਨਾਨਕ ਦੇਵ ਯੂਨੀਵਰਸਿਟੀ , ਅੰਮ੍ਰਿਤਸਰ ਵੱਲੋਂ ਤਰਨਤਾਰਨ, ਕੁਰੇਕਸ਼ੇਤਰ ਯੂਨੀਵਰਸਿਟੀ ਵੱਲੋਂ ਕਰਨਾਲ, ਬਾਵਰਾ ਸੰਗੀਤ ਸੰਮੇਲਨ ਜਲੰਧਰ , ਵਿਸ਼ਵਾਸ ਸੰਗੀਤ ਸੰਮਤੀ ਯਮੁਨਾਨਗਰ ਵਿਖੇ ਬਤੌਰ ਜੱਜ ਭੂਮਿਕਾ ਨਿਭਾਈ।

- ਨੌਰਥ ਜੋਨ ਕਲਚਰ ਸੈਂਟਰ ਪਟਿਆਲਾ ਵੱਲੋਂ ਮਿਤੀ 08 ਜਨਵਰੀ 2019 ਨੂੰ ਹਰਿਬਲੱਭ ਸੰਗੀਤ ਸੰਮੇਲਨ ਤੇ ਅਧਾਰਿਤ ਇੱਕ ਅੰਤਰ ਰਾਸ਼ਟਰੀ ਪੱਧਰ ਦੀ ਕਿਤਾਬ ਰਿਲੀਜ਼ ਕੀਤੀ। ਇਸ ਮੋਕੇ ਤੇ ਆਪ ਦੇ ਸ਼ਾਗਿਰਦ (ਸਤਪਿੰਦਰ ਸਿੰਘ) ਵੱਲੋਂ ਖੂਬਸੂਰਤ ਪੇਸ਼ਕਾਰੀ ਕੀਤੀ ਗਈ ਜਿਸ ਲਈ ਮਾਨਯੋਗ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸ਼੍ਰੀ ਏ.ਐਸ. ਰਾਏ , ਆਈ ਜੀ ਪਟਿਆਲਾ ਜੋਨ ਵੱਲੋਂ ਡਾ. ਜਗਮੋਹਨ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ।
- ਐਮ.ਡੀ. ਐਸ.ਡੀ. ਗਰਲਜ਼ ਕਾਲਜ ਅੰਬਾਲਾ ਸਿਟੀ ਵਿਖੇ ਮਿਤੀ 19 ਜਨਵਰੀ 2019 ਨੂੰ ਨੈਸ਼ਨਲ ਸੈਮੀਨਾਰ ਵਿੱਚ ਬਤੌਰ ਰਿਸੋਰਸ ਪਰਸਨ ਵਜੋਂ ਸ਼ਿਰਕਤ ਕੀਤੀ ਅਤੇ ਸੈਮੀਨਾਰ ਵਿੱਚ **''आधुनिक फिल्म संगीत का जनमानस पर प्रभाव ग नकारत्मक एवेम सकारत्मक** '' ਵਿਸ਼ੇ ਤੇ ਖੋਜ ਪੱਤਰ ਪੜ੍ਹਿਆ।
- ਦੇਸ਼ ਬੰਧੂ ਗੁਪਤਾ ਸਰਕਾਰੀ ਕਾਲਜ ਪਾਨੀਪਤ ਵਿਖੇ ਮਿਤੀ 16 ਫਰਵਰੀ 2019 ਨੂੰ ਕਰਵਾਏ ਗਏ ਨੈਸ਼ਨਲ ਸੈਮੀਨਾਰ ਵਿੱਚ ਬੜੌਰ ਐਡਵਾਈਜ਼ਰੀ ਕਮੇਟੀ ਮੈਂਬਰ ਨਾਮਜ਼ਦ ਹੋਣ ਦਾ ਸੁਭਾਗ ਪ੍ਰਾਪਤ ਹੋਇਆ।
- ਆਰਟ ਐਂਡ ਕਲਚਰ ਫੈਕਲਟੀ ਦੀ '' ਰਿਸਰਚ ਅਵਾਰਡ'' ਕਮੇਟੀ ਦੀ ਮੀਟਿੰਗ ਵਿੱਚ ਖੋਜਾਰਥੀ ਦੇ ਨਿਗਰਾਨ ਵਜੋਂ ਹਿੱਸਾ ਲਿਆ ਆਪ ਅਧੀਨ ਹੁਣ ਤੱਕ 6 ਖੋਜਾਰਥੀ ਪੀ.ਐੱਡੈ.ਡੀ. ਡਿਗਰੀ ਪ੍ਰਾਪਤ ਕਰ ਚੁੱਕੇ ਹਨ ਅਤੇ 6 ਖੋਜਾਰਥੀ ਖੋਜ ਕਰ ਰਹੇ ਹਨ।
- ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ, ਖਾਲਸਾ ਕਾਲਜ ਪਟਿਆਲਾ (ਦੋਵੇਂ ਆਟੋਨੌਮਸ ਕਾਲਜ ) ਅਤੇ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ ਦੇ ਮੈਂਬਰ ਆਫ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਸਟੱਡੀਜ਼ ਇਨ ਮਿਊਜਿਕ ਦੇ ਮੈਂਬਰ ਵਜੋਂ ਨਿਯੁਕਤ ਕੀਤਾ ।

### ਡਾ. ਪਰਮਜੀਤ ਕੌਰ (ਸਾਈਕਾਲੋਜੀ)

ਆਪ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬੋਰਡ ਆਫ ਸਟੱਡੀਜ਼ ਇਨ ਸਾਈਕਾਲੋਜੀ ਦੇ ਮੈਂਬਰ ਨਿਯੁਕਤ ਕੀਤਾ ਗਿਆ।

### ਪ੍ਰੋ. ਪਿਆਰਾ ਲਾਲ(ਸੰਗੀਤ ਗਾਇਨ)

ਆਪ ਨੇ 30 ਜੂਨ ਤੋਂ 3 ਜੁਲਾਈ 2018 ਅਤੇ 30 ਸਤੰਬਰ ਤੋਂ 3 ਅਕਤੂਬਰ 2018 ਨੂੰ ਹਰਿਦੁਆਰ ਵਿਖੇ ਸ਼੍ਰੀ ਰਾਮ ਸ਼ਰਣਮ ਵਿਖੇ ਗਾਇਨ ਦੀ ਪ੍ਰਸਤੁਤੀ ਦਿੱਤੀ।

ਮਿਤੀ 16.12.2018 ਨੂੰ ਭਾਸ਼ਾ ਵਿਭਾਗ ਪਟਿਆਲਾ ਵਿਖੇ ਮਾਂ ਸ਼ਾਰਦਾ ਪਟਿਆਲਾ ਘਰਾਣਾ ਸੰਗੀਤ ਸਭਾਹ ਵਿੱਚ ਸ਼ਾਸ਼ਤਰੀ ਗਾਇਨ ਦੀ ਪ੍ਰਸ਼ਤੁਤੀ ਦਿੱਤੀ।

ਪਟਿਆਲਾ ਦੇ ਵਿਰਾਸਤੀ ਮੇਲੇ 2017-18 ਅਤੇ 2018-19 ਦੌਰਾਨ ਆਪ ਨੇ ਭਾਰਤ ਦੇ ਉੱਘੇ ਕਲਾਕਾਰਾਂ ਉਸਤਾਦ ਅਜੈ ਚੱਕਰਵਰਤੀ (ਪਟਿਆਲਾ ਘਰਾਣਾ) ਅਤੇ ਪੰਡਤ ਰਾਜਨ ਸਾਜਨ ਮਿਸ਼ਰਾ ਅਤੇ ਸ਼੍ਰੀਮਤੀ ਕੌਸ਼ਕੀ ਚੱਕਰਬਰਤੀ ਨਾਲ ਤਾਨਪੁਰੇ ਤੇ ਸੰਗਤ ਕੀਤੀ।

## ਪ੍ਰੋ. ਸੋਨੀਆ(ਅੰਗ੍ਰੇਜ਼ੀ)

ਮਿਤੀ 15.05.2018 ਨੂੰ ਆਪ ਨੇ 'ਵੂਮੈਨ ਐਨਪਾਵਰਮੈਂਟ ' ਵਿਸ਼ੇ ਤੇ ਰੇਡੀਓ ਤੇ ਗੱਲਬਾਤ ਕੀਤੀ। ਮਿਤੀ 08.12.2018 ਨੂੰ ਰਾਸ਼ਟਰੀ ਲੋਕ ਅਦਾਲਤ ਵਿੱਚ ਮੈਂਬਰ ਵਜੋਂ ਭਾਗ ਲਿਆ।

## ਪ੍ਰੋ. ਨੀਤਾ ਮੈਨਰੋ(ਅੰਗ੍ਰੇਜ਼ੀ)

- ਪੰਜਾਬੀ ਯੂਨੀਵਰਸਿਨਟੀ , ਪਟਿਆਲਾ ਵੱਲੋਂ ਮੈਂਬਰ ਫੈਕਲਟੀ ਆਫ ਲੈਂਗੂਏਜ਼ਿਜ਼ ਨਿਯੁਕਤ ਕੀਤਾ ਗਿਆ।ਪੰਜਾਬੀ ਯੂਨੀਵਰਸਿਟੀ ਪਟਿਆਲਾ, ਮੈਂਬਰ ਬੋਰਡ ਆਫ ਸਟੱਡੀਜ਼ ਇਨ ਇੰਗਲਿਸ਼ , ਨਿਯੁਕਤ ਕੀਤਾ ਗਿਆ।
- ਮਿਤੀ 18.09.2018 ਨੂੰ ਕਾਲਜ ਵਿਦਿਆਰਥਣਾਂ ਨੂੰ ਪਰਸਾਰ ਭਾਰਤੀ , ਰੇਡੀਓ ਸਟੇਸ਼ਨ ਵਿਜ਼ਿਟ ਕਰਵਾਇਆ। ਰੇਡੀਓ ਸਟੇਸ਼ਨ ਦੀ ਵਰਕਿੰਗ ਬਾਰੇ ਜਾਣੂ ਕਰਵਾਇਆ । ਵਿਦਿਆਰਥਣਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ ਜਿਸਦੀ ਰੇਡੀਓ ਸਟੂਡੀਓ ਰੀਕਾਰਡਿੰਗ ਮਿਤੀ 21.09.2018 ਨੂੰ ਰੇਡੀਓ 100.2 ਐਫ.ਐਮ. ਤੇ ਬਰਾਡਕਾਸਟ ਵੀ ਹੋਇਆ।

  ਮਿਤੀ 14.11.2018 ਨੂੰ ਵਿਦਿਆਰਥਣਾਂ ਨੂੰ ਚੜਦੀਕਲਾ ਟਾਈਮ ਟੀ.ਵੀ. ਸਟੇਸ਼ਨ ਵਿਜ਼ਿਟ ਕਰਵਾਇਆ।ਵਿਦਿਆਰਥਣਾਂ ਨੂੰ ਟੀ.ਵੀ. ਸਟੇਸ਼ਨ ਦੀ ਵਰਕਿੰਗ ਬਾਰੇ ਜਾਣੂ ਕਰਵਾਇਆ ਅਤੇ ਪ੍ਰੋਗਰਾਮ ਦੀ ਰੀਕਾਰਡਿੰਗ ਵੀ ਹੋਈ ਜਿਹੜੀ ਮਿਤੀ 24.11.2018 ਨੂੰ ਟੀ.ਵੀ. ਤੇ ਟੈਲੀਕਾਸਟ ਵੀ ਹੋਈ।

## ਡਾ. ਨਵਦੀਪ ਕਹੋਲ (ਅੰਗ੍ਰੇਜ਼ੀ)

ਆਪ ਨੇ ਮਿਤੀ 14.09.2018 ਨੂੰ ਪੰਜਾਬੀ ਯੂਨੀਵਰਸਿਟੀ ਦੇ ਅੰਗ੍ਰੇਜ਼ੀ ਵਿਭਾਗ ਦੁਆਰਾ ਆਯੋਜਿਤ ਸੂਦ ਮੈਮੋਰੀਅਲ ਸਿੰਪੋਜ਼ੀਅਮ ਵਿੱਚ ਜੱਜ ਦੀ ਭੂਮਿਕਾ ਨਿਭਾਈ।

The society for multi ethic Literature of World (MELOW) ਵੱਲੋਂ ਜਾਮੀਆ ਮਿਲੀਆ, ਇਸਲਾਮੀਆ , ਦਿੱਲੀ ਵਿਖੇ ਆਯੋਜਿਤ ਤਿੰਨ ਰੋਜ਼ਾ ਮਾਰਚ 15, 2019 ਤੋਂ 17 ਮਾਰਚ 2019 ਤੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਆਪਣਾ ਰਿਸਰਚ ਪੇਪਰ '' Pushing the boundaries of Real: Dystopian World of 'The Queue' '' ਪ੍ਰਸਤੁਤ ਕੀਤਾ।

## ਪ੍ਰੋ. ਹਰਪ੍ਰੀਤ ਕੌਰ (ਅੰਗੇਜ਼ੀ)

ਆਪ ਨੇ ਵਾਈ.ਪੀ.ਐਸ. ਗੋਲਡਸਟੀਨ ਡਿਬੇਟ ਵਿੱਚ 4 ਮਈ 2018 ਨੂੰ ਜੱਜ ਦੀ ਭੂਮਿਕਾ ਨਿਭਾਈ।ਬੀ.ਏ. ਭਾਗ ਦੂਜਾ ਫੰਕਸ਼ਨਲ ਇੰਗਲਿਸ਼ ਦੇ ਵਿਦਿਆਰਥੀਆਂ ਨੂੰ ਪ੍ਰਸਾਰ ਭਾਰਤੀ ਰੇਡੀਓ ਸਟੇਸ਼ਨ ਪਟਿਆਲਾ ਵਿਜ਼ਿਟ ਕਰਵਾਇਆ ਜਿੱਥੇ ਵਿਦਿਆਰਥੀਆਂ ਨੇ ਰੇਡੀਓ ਸਟੇਸ਼ਨ ਵੇਖਿਆ ਅਤੇ ਇੱਕ ਪ੍ਰੋਗਰਾਮ ਵੀ ਰਿਕਾਰਡ ਕੀਤਾ ਜਿਹੜਾ ਕਿ ਰੇਡੀਓ ਤੇ ਬਰਾਡਕਾਸਟ ਕੀਤਾ ਗਿਆ।

## ਡਾ. ਕੁਲਵਿੰਦਰ ਕੌਰ (ਡਾਂਸ)

ਆਪ ਨੇ ਕਰੁਕਸ਼ੇਤਰ ਯੂਨੀਵਰਸਿਟੀ ਦੇ ਜੋਨਲ , ਇੰਟਰ ਜੋਨਲ ਯੂਥ ਫੈਸਟੀਵਲ ਅਤੇ ਹਰਿਆਣਾ ਡੇ ਤੇ ਕ੍ਰਮਵਾਰ ਬਰਾੜਾ, ਠਾਂਡ ਅਤੇ ਪੁੰਡਰੀ ਵਿਖੇ ਜੱਜ ਦੀ ਭੂਮਿਕਾ ਨਿਭਾਈ।ਇਸ ਤੋਂ ਇਲਾਵਾ ਜੰਮੂ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਜੋਨਲ ਅਤੇ ਇੰਟਰ ਜੋਨਲ ਮੇਲਿਆਂ ਵਿੱਚ, ਸ਼ਿਮਲਾ ਯੂਨੀਵਰਸਿਟੀ ਫੋਕ ਡਾਂਸ ਫੈਸਟੀਵਲ (ਨੇਰਵਾ ) ਵਿੱਚ ਵੀ ਬਤੌਰ ਜੱਜ ਭੂਮਿਕਾ ਨਿਭਾਈ।

## ਪ੍ਰੋ. ਅਰੁਨਦੀਪ (ਪੰਜਾਬੀ)

- ਮਿਤੀ 05.06.2018 ਤੋਂ 07.06.2018 ਤੱਕ mahatama gandhi state institute of puyblic administration, Punjab (MGSIPA) ਵੱਲੋਂ MGSIPA, Regional Centre , ਪਟਿਆਲਾ ਵੱਲੋਂ ਕਰਾਏ ਗਏ ਟ੍ਰੇਨਿੰਗ ਪ੍ਰੋਗਰਾਮ ਵਿੱਚ ਭਾਗ ਲਿਆ।
- ਮਿਤੀ 10.07.2018 ਨੂੰ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਹੋਏ ਜਿਲ੍ਹਾ ਪੱਧਰੀ ਅੰਤਰਰਾਸ਼ਟਰੀ ਯੂਥ ਡੇ ਸਮਾਗਮ ਵਿੱਚ ਭਾਗ ਲਿਆ।
- ਰੈੱਡ ਰਿਬਨ ਕਲੱਬ ਗਤੀਵਿਧੀਆਂ ਦੇ ਖੇਤਰ ਵਿੱਚ ਕੀਤੀ ਸੇਵਾ ਕਾਰਨ ਯੁਵਕ ਸੇਵਾਵਾਂ ਪਟਿਆਲਾ ਵੱਲੋਂ ਮਿਤੀ 25.09.2018 ਨੂੰ ਪ੍ਰਸੰਸ਼ਾ ਪੱਤਰ ਪ੍ਰਾਪਤ ਕੀਤਾ।
- ਮਿਤੀ 05.10.2018 ਨੂੰ ਪੰਜਾਬ ਯੂਨੀਵਰਸਿਟੀ ਵਿਖੇ ਵਾਤਾਵਰਣ ਚੇਤਨਾ ਮੁਹਿੰਮ ਸਮਾਗਮ ਵਿੱਚ ਭਾਗ ਲਿਆ ਅਤੇ ਮਿਤੀ 20.02.2019 ਨੂੰ ਸਰਕਾਰੀ ਸਟੇਟ ਕਾਲਜ ਆਫ ਐਜੂ ਪਟਿਆਲਾ ਵਿਖੇ ਰੈੱਡ ਰੀਬਨ ਕਲੱਬਜ਼ ਦੇ ਜਿਲਾ ਪੱਧਰੀ ਯੁਵਕ ਦਿਵਸ ਪ੍ਰੋਗਰਾਮ ਵਿੱਚ ਭਾਗ ਲਿਆ।

## ਡਾ. ਮੀਤਿਕਾ ਗੋਇਲ ( ਅਰਥਸ਼ਾਸ਼ਤਰ)

ਮਿਤੀ 05.06.2018 ਤੋਂ 07.06.2018 ਤੱਕ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕਐਡਮਿਨਸਟੇਸ਼ਨ ਵੱਲੋਂ MGSIPA , regional centre ਪਟਿਆਲਾ ਵਿਖੇ ਕਰਾਏ ਟੇਨਿੰਗ ਪ੍ਰੋਗਰਾਮ ਵਿੱਚ ਭਾਗ ਲਿਆ।

## ਪ੍ਰੋ. ਜਗਦੀਸ਼ ਕੌਰ(ਅੰਗ੍ਰੇਜ਼ੀ)

ਆਪ ਨੂੰ ਮਾਨਯੋਗ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਯੁਵਕ ਭਲਾਈ ਵਿਭਾਗ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ।
ਮਿਤੀ 26.02.2019 ਨੂੰ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵੱਲੋਂ ਸੰਗਰੂਰ ਜੋਨ ਦੇ ਖੇਤਰੀ ਯੁਵਕ ਮੇਲਾ, ਅੰਤਰ ਖੇਤਰੀ ਅਤੇ ਲੋਕ ਮੇਲਿਆਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਸ਼ਲਾਘਾਯੋਗ ਕੰਮ ਕਰਨ ਤੇ ਸਨਮਾਨਿਤ ਕੀਤਾ ਗਿਆ। ਅਤੇ ਮਿਤੀ 26.02.2019ਨੂੰ ਸਰਕਾਰੀ ਕਾਲਜ ਸੁਨਾਮ ਵਿਖੇ ਹੀ ਚੱਲ ਰਹੇ ਫਿਨਿਸ਼ਿੰਗ ਸਕੂਲ ਵਿੱਚ ਮੀਡੀਆ ਐਂਡ ਐਟਰਟੇਨਮੈਂਟ ਵਿਸ਼ੇ ਤੇ ਐਕਸਟੈਂਸ਼ਨ ਲੈਕਚਰ ਦਿੱਤਾ।

## ਪ੍ਰੋ. ਓਮਨਦੀਪ ਸ਼ਰਮਾ (ਸੰਸਕ੍ਰਿਤ)

- ਆਪ ਨੇ 22 ਅਗਸਤ 2018 ਨੂੰ ਸੰਸਕ੍ਰਿਤ ਦਿਵਸ ਦੇ ਮੌਕੇ ਤੇ ਭਾਸ਼ਾ ਵਿਭਾਗ ਪਟਿਆਲਾ ਵਿਖੇ ਕਵਿਤਾ ਪਾਠ ਕੀਤਾ।
- 2 ਸਤੰਬਰ 2018 ਨੂੰ ਆਰਿਆ ਸਮਾਜ ਮੰਦਿਰ ਪਟਿਆਲਾ ਵਿੱਚ ਹੋਏ ਵੇਦ ਪਾਠ ਅਤੇ ਸੰਸਕ੍ਰਿਤ ਸ਼ਲੋਕ ਗਾਇਨ ਪ੍ਰਤੀਯੋਗਤਾ ਵਿੱਚ ਜੱਜ ਦੀ ਭੂਮਿਕਾ ਨਿਭਾਈ।
- 5 ਸਤੰਬਰ 2018 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੰਸੋਕ੍ਰਿਤ ਵਿਭਾਗ ਵਿੱਚ ਅਧਿਆਪਕ ਦਿਵਸ ਦੇ ਮੌਕੇ ਤੇ 'ਸੰਸਕ੍ਰਿਤ ਅਤੇ ਕੰਪਿਊਟਰ' ਵਿਸ਼ੇ ਤੇ ਲੈਕਚਰ ਦਿੱਤਾ।
- 08 ਸਤੰਬਰ 2018 ਨੂੰ LVSRSV ਦਿੱਲੀ ਵਿਖੇ ਦੋ ਰੋਜਾ ਵਰਕਸ਼ਾਪ ਵਿੱਚ ਅਤੇ 17 ਨਵੰਬਰ 2018 ਨੂੰ ਦੁਆਬਾ ਕਾਲਜ ਜਲੰਧਰ ਵਿਖੇ ਪੰਜਾਬ ਸਟੇਟ ਕਨਵੈਨਸ਼ਨ ਆਫ ਸੰਸਕ੍ਰਿਤ ਭਾਰਤੀ ਵਿੱਚ ਸ਼ਿਰਕਤ ਕੀਤੀ।
  4 ਫਰਵਰੀ 2019 ਨੂੰ ਆਰਿਆ ਕਾਲਜ ਲੁਧਿਆਣਾ ਵਿਖੇ ਇੱਕ ਰੋਜਾ ਸੈਮੀਨਾਰ ਵਿੱਚ ਪੇਪਰ ਪ੍ਰਸਤੁਤ ਕੀਤਾ।

## ❖ ਖੇਡ ਪ੍ਰਾਪਤੀਆਂ

ਪੜਾਈ ਦੇ ਨਾਲ-ਨਾਲ ਦੀਆਂ ਵਿਦਿਆਰਥਣਾਂ ਨੇ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆ ਹੈ।ਕਾਲਜ ਦੀ ਵਿਦਿਆਰਥਣ ਰੀਚਾ ਬੀ.ਏ. -1 ਰੋਲ ਨੰਬਰ 430- ਆਲ ਇੰਡੀਆ ਇੰਟਰ ਯੂਨੀਵਰਸਿਟੀ ਵਿਚ ਕਾਂਸੀ ਦਾ ਤਮਗਾ ਹਾਸਿਲ ਕੀਤਾ।

- ਮੋਦੀ ਕਾਲਜ ਪਟਿਆਲਾ ਵਿਖੇ ਹੋਏ ਬਾਕਸਿੰਗ ਅੰਤਰ ਕਾਲਜ ਬਕਾਬਲੇ (ਮਿਤੀ 05.10.2018 ਤੋਂ 07.10.2018 ਤੱਕ ) ਵਿੱਚ ਕਾਲਜ ਦੀਆਂ ਜਸਪ੍ਰੀਤ ਕੌਰ ਬੀ.ਏ. ਭਾਗ ਦੂਜਾ ਰੋਲ ਨੰਬਰ 1778 ਅਤੇ ਕੋਮਲਪਮੀਤ ਕੌਰ ਬੀ.ਏ. ਭਾਗ ਦੂਜਾ ਰੋਲ ਨੰਬੁਰ 1549 ਦੇ ਸਿਲਵਰ ਮੈਡਲ ਪ੍ਰਾਪਤ ਕੀਤਾ।
- ਤਾਈਕਵਾਂਡੋ ਅੰਤਰ ਕਾਲਜ ਮੁਕਾਬਲੇ ਮਿਤੀ 06-08 ਫਰਵਰੀ 2019 ਨੂੰ ਪਬਲਿਕ ਕਾਲਜ ਸਮਾਣਾ ਵਿਖੇ ਹੋਏ ਟੀਮ ਵਿੱਚ ਤਿੰਨ ਲੜਕੀਆਂ ਨੇ ਭਾਗ ਲਿਆ।ਰੀਚਾ ਬੀ.ਏ. ਭਾਗ ਪਹਿਲਾ ਰੋਲ ਨੰਬਰ 430 ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।
- ਕਾਲਜ ਦੀ ਰਿਚਾ ਨੇ ਹੀ Qwan –Ke-do ਗੇਮ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।
- POOMSAE ਪੂਮਸੇ ਅੰਤਰਕਾਲਜ ਮੁਕਾਬਲੇ ਵਿੱਚ ਟੀਮ ਦਾ ਤੀਜਾ ਸਥਾਨ ਰਿਹਾ ਅਤੇ ਰੀਚਾ ਬੀ.ਏ ਭਾਗ ਪਹਿਲਾ ਨੇ ਵੀ ਕਾਂਸੀ ਦਾ ਤਮਗਾ ਹਾਸਿਲ ਕੀਤਾ।
- ਕਰਾਟੇ, ਅੰਤਰ ਕਾਲਜ ਮੁਕਾਬਲਿਆਂ ਵਿੱਚ ਰਮਨਦੀਪ ਕੌਰ ਬੀ.ਏ. ਭਾਗ ਪਹਿਲਾ ਰੋਲ ਨੰਬਰ 51 ਨੇ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਅੰਤਰ ਯੂਨੀਵਰਸਿਟੀ ਮੁਕਾਬਲੇ ਵਿੱਚ ਅਮਨਦੀਪ ਕੌਰ ਬੀ.ਏ. ਭਾਗ ਤੀਜਾ ਰੋਲ ਨੰਬਰ 3206 ਨੇ ਯੂਨੀਵਰਸਿਟੀ ਵਿਖੇ ਕਰਾਟੇ ਵਿੱਚ ਦੂਜਾ ਸਥਾਨ ਅਤੇ ਪੰਜਾਬ ਸਟੇਟ ਵਿੱਚ ਗੋਲਡ ਮੈਡਲ ਹਾਸਿਲ ਕੀਤਾ।
- ਰਿਚਾ ਬੀ.ਏ. ਭਾਗ ਪਹਿਲਾ ਨੇ ਤਾਈਕਵਾਂਡੋ ਵਿੱਚ ਸਕੂਲ ਸਟੇਟ ਅਤੇ ਸੀਨੀਅਰ ਸਟੇਟ ਓਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਸੀਨੀਅਰ ਨੈਸ਼ਨਲ ਵਿੱਚ ਭਾਗ ਲਿਆ ਅਤੇ ਓਪਨ ਨੈਸ਼ਨਲ 2018 ਪਾਨੀਪਤ ਵਿਖੇ ਗੋਡ ਪ੍ਰਾਪਤ ਕੀਤਾ।

## ❖ *ਐਨ.ਸੀ.ਸੀ.*

- ਐਨ.ਸੀ.ਸੀ. ਆਰਮੀ ਵਿੰਗ ਵਿੱਚ ਕੁੱਲ 160 ਕੈਡਿਟ ਹਨ।6 ਜੁਲਾਈ ਤੋਂ 15 ਜੁਲਾਈ 2018 ਤੱਕ ਭਵਾਨੀਗੜ੍ਹ ਵਿਖੇ ਥਲ ਸੈਨਾ ਕੈਂਪ ਅਤੇ 28 ਜੁਲਾਈ ਤੋਂ 6 ਅਗਸਤ ਤੱਕ ਰੋਪੜ ਵਿਖੇ ਇੰਟਰ ਗਰੁੱਪ ਵਿੱਚ ਤਿੰਨ-ਤਿੰਨ ਵਿਦਿਆਰਥਣਾਂ ਨੇ ਭਾਗ ਲਿਆ।
- 28 ਅਗਸਤ ਤੋਂ 6 ਸਤੰਬਰ 2018 ਤੱਕ ਰੋਪੜ ਵਿਖੇ ਥਲ ਸੈਨਾ ਕੈਂਪ ਵਿੱਚ 3 ਵਿਦਿਆਰਥਣਾਂ ਨੇ ਅਤੇ 23 ਜੁਲਾਈ ਤੋਂ 1 ਅਗਸਤ 2018 ਤੱਕ ਭਵਾਨੀਗੜ੍ਹ ਵਿਖੇ ਏ.ਟੀ.ਸੀ. ਕੈਂਪ ਵਿੱਚ 41 ਵਿਦਿਆਰਥਣਾਂ ਨੇ ਭਾਗ ਲਿਆ।
- 15 ਅਗਸਤ 2018 ਗਣਤੰਤਰ ਦਿਵਸ ਦੀ ਪਰੇਡ , ਵਾਈ.ਪੀ.ਐਸ ਸਟੇਡੀਅਮ ਵਿਖੇ ਜਿਸ ਵਿੱਚ ਐਨ.ਸੀ.ਸੀ. ਦੀ 29 ਕੈਡਿਟ ਨੇ ਹਿੱਸਾ ਲਿਆ ਅਤੇ ਪਰੇਡ ਦੌਰਾਨ ਪਹਿਲਾ ਸਥਾਨ ਹਾਸਿਲ ਕੀਤਾ।
- 10 ਸਤੰਬਰ ਤੋਂ 19 ਸਤੰਬਰ 2018 ਤੱਕ ਜਲੰਧਰ ਵਿਖੇ ਕੈਂਪ ਵਿੱਚ ਭਾਗ ਲਿਆ।
- 27 ਸਤੰਬਰ 2018 ਨੂੰ ਐਨ.ਸੀ.ਸੀ. ਵੱਲੋਂ ''ਬੇਟੀ ਬਚਾਓ ਬੇਟੀ ਪੜਾਓ'' ਸਬੰਧੀ ਚੇਤਨਾ ਰੈਲੀਦਾ ਆਯੋਜਨ ਕੀਤਾ ਗਿਆ।
- ਮਿਤੀ 02.10.2018 ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ 149ਵੇਂ ਜਨਮਦਿਨ ਦੇ ਮੌਕੇ ਤੇ ਪੰਜਾਬ ਸਰਕਾਰ ਵੱਲੋਂ ਆਯੋਜਿਤ ''ਸ਼ਾਂਤੀ ਮਾਰਚ '' ਵਿੱਚ ਐਨ.ਸੌ.ਸੀ. ਕੈਡਿਟਾਂ ਨੇ ਭਾਗ ਲਿਆ।ਇਸ ਮੌਕੇ ਕਾਲਜ ਵਿਖੇ ੋਵਰ ਦੀ ਪ੍ਰਾਰਥਨਾ ਅਤੇ ਭਜਨ ਸੰਧਿਆ ਦਾ ਆਯੋਜਨ ਵੀ ਕੀਤਾ ਗਿਆ।
- ਮਿਤੀ 11 ਅਕਤੂਬਰ ਤੋਂ 20 ਅਕਤੂਬਰ 2018 ਤੱਕ ਪਟਿਆਲਾ ਵਿਖੇ ਆਰ.ਡੀ.ਸੀ. ਕੈਂਪ ਵਿੱਚ ਅਤੇ ਮਿਤੀ 27.10.2018 ਤੋਂ 05.10.2018 ਤੱਕ ਪਟਿਆਲਾ ਵਿਖੇ ਤਿੰਨ ਕੈਡਿਟਾਂ ਨੇ ਭਾਗ ਲਿਆ।
- ਮਿਤੀ 20.10.2018 ਨੂੰ ਸਵੱਛ ਭਾਰਤ ਦੇ ਅਧੀਨ ਨੁੱਕੜ ਨਾਟਕ ਵਿੱਚ ਐਨ.ਸੀ.ਸੀ. ਦੇ 15 ਕੈਡਿਟ ਨੇ ਹਿੱਸਾ ਲਿਆ।
- ਮਿਤ 05.11.2018 ਨੂੰ ਸਰਕਾਰੀ ਕਾਲਜ ਲੜਕੀਆਂ ਵਿਖੇ ਐਨ.ਸੀ. ਸੀ. ਕੈਡਿਟਾਂ ਵੱਲੋਂ ਖ਼ੂਨ ਦਾਨ ਸਬੰਧੀ ਜਾਗਰੂਕਤਾ ਰੈਲੀ ਕੱਢੀ ਗਈ।
- ਮਿਤੀ 15.11.2018 ਤੋਂ 21.11.2018 ਤੱਕ ਰੋਪੜ ਵਿਖੇ ਇੰਟਰ ਗਰੁੱਪ ਕੈਂਪ ਲਗਾਇਆ ਜਿਸ ਵਿੱਚ ਇੱਕ ਕੈਡਿਟ ਨੇ ਭਾਗ ਲਿਆ।
- ਮਿਤੀ 17.11.2018 ਤੋਂ 26.11.2018 ਤੱਕ ਐਨ.ਸੀ.ਸੀ. ਦਾ 10 ਰੋਜ਼ਾ ਕੈਂਪ 4 ਪੰਜਾਬ ਗਰਲਜ਼ ਬਟਾਲੀਅਨ ਵੱਲੋਂ ਕਾਲਜ ਕੈਂਪਸ ਵਿਖੇ ਆਯੋਜਿਤ ਕੀਤਾ ਗਿਆ।
- ਮਿਤੀ 22.11.2018 ਤੋਂ ਮਿਤੀ 01.12.2018 ਤੱਕ ਰੋਪੜ ਵਿਖੇ CACT -60 Combine Pre RDC ਕੈਂਪ ਲਗਾਇਆ ਗਿਆ ਜਿਸ ਵਿੱਚ ਇੱਕ ਕੈਡਿਟ ਨੇ ਭਾਗ ਲਿਆ।
- ਮਿਤੀ 26.11.2018 ਨੂੰ ਐਨ.ਸੀ.ਸੀ. ਵੱਲੋਂ ਕਾਲਜ ਵਿਖੇ ਖ਼ੂਨ ਦਾਨ ਕੈਂਪ ਆਯੋਜਿਤ ਕੀਤਾ ਗਿਆ ਅਤੇ ਮਿਤੀ 26.11.2018 ਨੂੰ ਐਨ.ਸੀ.ਸੀ. ਡੇ ਅਤੇ ''ਸੰਵਿਧਾਨ ਦਿਵਸ ਮਨਾਏ ਗਏ।

- ਮਿਤੀ 21 ਦਸੰਬਰ 2018 ਨੂੰ ਜਨਤਾ ਜਾਗਰੂਕਤਾ ਰੈਲੀ ਕੱਢੀ ਗਈ ਅਤੇ ਮਿਤੀ 19.01.2019 ਨੂੰ ਸਵੱਛਤਾ ਸਰਵੇਖਣ 2019 ਮੁਹਿੰਮ ਅਧੀਨ ਵਿਦਿਆਰਥਣਾਂ ਨੂੰ ਸਵੱਛਤਾ ਸਹੁੰ ਚੁਕਾਈ ਗਈ , ਸਵੱਛਤਾ ਰੈਲੀ ਕੱਢੀ ਗਈ। ਐਨ.ਸੀ.ਸੀ. ਕੈਡਿਟਾਂ ਨੇ ਕਾਲਜ ਦੇ ਕਰਮਚਾਰੀਆਂ ਨਾਲ ਰਲ ਕੇ ਸਫਾਈ ਮੁਹਿੰਮ ਚਲਾਉਂਦਿਆਂ ਸ਼ਹਿਰ ਨੂੰ ਸਵੱਛਤਾ ਪੱਖੋਂ ਬਿਹਤਰ ਬਣਾਉਣ ਦਾ ਪ੍ਰਣ ਲਿਆ।
- ਮਿਤੀ 25 ਜਨਵਰੀ 2019 ਨੂੰ ਐਨ.ਸੀ.ਸੀ. ਰਾਜਨੀਤੀ ਸ਼ਾਸ਼ਤਰ ਵਿਭਾਗ ਦੇ ਸਾਂਝੇ ਯਤਨਾਂ ਨਾਲ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ।
- ਮਿਤੀ 26.01.2019 ਨੂੰ ਕਾਲਜ ਦੀ ਐਨ.ਸੀ.ਸੀ ਦੀ 30 ਕੈਡਿਟਾਂ ਨੇ ਰਾਜਾ ਭਲਿੰਦਰ ਖੇਡ ਸਟੇਡੀਅਮ ਵਿਖੇ ਪਰੇਡ ਵਿੱਚ ਹਿੱਸਾ ਲਿਆ।

## ❖ *ਕੌਮੀ ਸੇਵਾ ਯੋਜਨਾ*

- ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋਗਰਾਮ ਅਫਸਰ ਅਰੁਨਦੀਪ ਕੌਰ ਅਤੇ ਡਾ. ਮੀਤਿਕਾ ਗੋਇਲ , ਸੇਵਾਵਾਂ ਨਿਭਾ ਰਹੇ ਹਨ।ਇਸ ਸੈਸ਼ਨ ਦੌਰਾਨ ਵਿਭਾਗ ਵੱਲੋਂ 3 ਇੱਕ ਰੋਜ਼ਾ ਤੇ ਇੱਕ ਸੱਤ ਰੋਜ਼ਾ ਕੈਂਪ (18.10.2018 ਤੋਂ 24.10.2018) ਲਗਾਏ ਗਏ ਹਨ।
- ਐਨ.ਐਸ.ਐਸ. ਵੱਲੋਂ ਵਾਤਾਵਰਣ ਦਿਵਸ , ਅਧਿਆਪਕ ਦਿਵਸ, ਐਨ.ਐਸ.ਐਸ ਸਥਾਪਨਾ ਦਿਵਸ, ਝੰਡਾ ਦਿਵਸ ਰਾਸ਼ਟਰੀ ਏਕਤਾ , ਰਾਸ਼ਟਰੀ ਸਿੱਖਿਆ ਦਿਵਸ , ਸੰਵਿਧਾਨ ਦਿਵਸ , ਏਡਜ਼ ਦਿਵਸ , ਰਾਸ਼ਟਰੀ ਵੋਟਰ ਦਿਵਸ, ਗਣਤੰਤਰ ਦਿਵਸ ਆਦਿ ਮਨਾਏ ਗਏ।
- 24.09.2018 ਨੂੰ ਐਨ.ਐਸ.ਐਸ. ਦਿਵਸ ਦੇ ਮੌਕੇ '' ਸਵੱਛਤਾ ਹੀ ਸੇਵਾ '' ਥੀਮ ਉਪਰ ਅੰਤਰ ਕਾਲਜ ਪੋਸਟਰ ਮੇਕਿੰਗ , ਸਲੋਗਨ ਰਾਈਟਿੰਗ , ਕੋਲਾਜ ਮੇਕਿੰਗ ਅਤੇ ਮੌਕੇ ਤੇ ਚਿੱਤਰਕਾਰੀ ਦਾ ਮੁਕਾਬਲਾ ਕਰਵਾਇਆ ਗਿਆ।ਮਿਤੀ 02.10.2018 ਨੂੰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ 149ਵੇਂ ਜਨਮ ਦਿਨ ਦੇ ਮੌਕੇ ਤੇ ਪੰਜਾਬ ਸਰਕਾਰ ਵੱਨੋਂ ਆਯੋਜਿਤ ''ਸ਼ਾਂਤੀ ਮਾਰਚ'' ਵਿੱਚ ਵਲੰਟੀਅਰਾਂ ਨੇ ਸਮੇਤ ਪ੍ਰੋਗਰਾਮ ਅਫਸਰਾਂ ਭਾਗ ਲਿਆ , ਇਸ ਮੌਕੇ ਕਾਲਜ ਵਿੱਚ ਸਵੇਰ ਦੀ ਪ੍ਰਾਰਥਨਾ , ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ।
- ਮਿਤੀ 17.10.2018 ਨੂੰ ''ਵਾਤਾਵਰਣ ਚੇਤਨਾ ਮੁਹਿੰਮ ' ਅਧੀਨ ਕਿਸਾਨ ਵੀਰਾਂ ਨੂੰ ਪਰਾਲੀ ਨਾ ਸਾੜਨ ਅਤੇ ਸੰਭਾਲਣ ਸਬੰਧੀ ਜਾਗਰੂਕ ਕਰਨ ਲਈ ਪਿੰਡ ਖੇੜੀ ਗੁਜਰਾਂ ਵਿਖੇ ਚੇਤਨਾ ਰੈਲੀ ਕੱਢੀ।ਮਿਤੀ 19.11.2018 ਨੂੰ ਐਚ.ਆਈ.ਵੀ. ਏਡਜ਼ ਵਿਸ਼ੇ ਉੱਪਰ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਦਾ ਅੰਤਰ ਕਾਲਜ ਮੁਕਾਬਲਾ ਮੁਕਾਬਲਾ ਆਯੋਜਿਤ ਕੀਤਾ ਗਿਆ।

- ਮਿਤੀ 26 ਨਵੰਬਰ 2018 ਨੂੰ ਖ਼ੂਨ ਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਮੈਡੀਕਲ ਕਾਲਜ ਰਾਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਦੀ ਟੀਮ ਖ਼ੂਨ ਇਕੱਤਰ ਕਰਨ ਲਈ ਪਹੁੰਚੀ। ਮਿਤੀ 18.01.019 ਨੂੰ ਮਿਨਸਟਰੀ ਆਫ ਯੂਥ ਅਫੇਅਰਜ਼ ਐਂਡ ਸਪੋਰਟਸ, ਭਾਰਤ ਸਰਕਾਰ ਵੱਨੋਂ ਕਾਰਵਾਈ ਵਈ ਜਿਲ੍ਹਾ ਪੱਧਰੀ ,''ਯੂਥ ਪਾਰਲੀਮੈਂਟ ' ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਕਾਲਜ ਦੀਆਂ 4 ਵਿਦਿਆਰਥਣਾਂ ਨੇ ਭਾਗ ਲਿਆ ਤੇ ਪਹਿਲਾ ਰਾਊਂਡ , ਕਲੀਅਰ ਕਰਨ ਉਪਰੰਤ 24.01.2019 ਨੂੰ ਤਿੰਨ ਵਿਦਿਆਰਥਣਾਂ ਨੇ ਦੂਜੇ ਰਾਊਂਡ ਵਿੱਚ ਵੀ ਭਾਗ ਲਿਆ ।
- ਮਿਤੀ 19.01.2019 ਨੂੰ ''ਸਵੱਛਤਾ ਸਰਵੇਖਣ 2019'' ਮੁਹਿੰਮ ਅਧੀਨ ਵਿਦਿਆਰਥਣਾਂ ਨੂੰ ਸਵੱਛਤਾ ਸਹੁੰ ਚੁਕਾਈ ਗਈ, ਸਵੱਛਤਾ ਰੈਲੀ ਕੱਢੀ ਗਈ, ਕੈਂਪਸ ਵਿਖੇ ਸਫਾਈ ਮੁਹਿੰਮ ਚਲਾਉਂਦਿਆਂ , ਸ਼ਹਿਰ ਨੂੰ ਸਵੱਛਤਾ ਪੱਖੋਂ ਬਹਤਰ ਬਣਾਉਣ ਦਾ ਪ੍ਰਣ ਲਿਆ।13 ਫਰਵਰੀ ਨੂੰ ਐਨ.ਐਸ.ਐਸ. ਵਲੰਟੀਅਰਾਂ ਨੇ ਸਮੇਤ ਪ੍ਰੋਗਰਾਮ ਅਫਸਰ , ਰੋਜ਼ ਗਾਰਡਨ ਨੇੜੇ ਬੱਸ ਸਟੈਂਡ ਪਟਿਆਲਾ ਵਿਖੇ ਰੈਣ ਬਸੇਰੇ ਦਾ ਦੌਰਾ ਕੀਤਾ ਜਿਸਦਾ ਮਕਸਦ ਇਹ ਸੀ ਕਿ ਵਲੰਟੀਅਰਜ਼ ਨੂੰ ਰੈਣ ਬਸੇਰਿਆਂ ਬਾਰੇ, ਉਹਨਾਂ ਦੇ ਪ੍ਰਬੰਧ ਬਾਰੇ ਜਾਣੂ ਕਰਾਇਆ ਜਾਏ ਤਾਂ ਜੋ ਉਹ ਅੱਗੇ ਲੋਕਾਂ ਨੂੰ ਜਾਗਰੂਕ ਕਰਨ।

## ❖ *ਰੈੱਡ ਰਿਬਨ ਕਲੱਬ*

- ਪੰਜਾਬ ਵਿੱਚ ਸਿਹਤਮੰਦ ਯੁਵਕਾਂ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਯੁਵਕ ਸੇਵਾਵਾਂ ਪੰਜਾਬ, ਪਟਿਆਲਾ ਦੇ ਸਹਿਯੋਗ ਨਾਲ ਮਾਰਚ 2013 ਵਿੱਚ ਕੈਂਪਸ ਵਿੱਚ ਰੈੱਡ ਰਿਬਨ ਕਲੱਬ ਦਾ ਗਠਨ ਕੀਤਾ ਗਿਆ ਸੀ ਜੋ ਸਮੇਂ -ਸਮੇਂ ਸਿਰ ਰੈਲੀਆਂ , ਪੋਸਟਰ/ਸਲੋਗਨ ਮੁਕਾਬਲਿਆਂ , ਲੈਕਚਰਾਂ ਰਾਂਹੀ ਨਸ਼ੇ, ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਪ੍ਰਤੀ ਜਾਗਰੁਕ ਕਰਦਾ ਹੈ, ਨਾਲ ਹੀ ਸਵੈ-ਇਛੁੱਕ ਖ਼ੂਨਦਾਨ ਦੇ ਮਹੱਤਵ ਤੋਂ ਜਾਣੂ ਕਰਾਉਂਦਾ ਹੈ।
- ਰੈੱਡ ਰਿਬਨ ਕਲੱਬ ਦੇ ਯਤਨਾਂ ਸਦਕਾ ਕੇਰਲਾ ਰਾਹਤ ਫੰਡ ਲਈ 30,000/- (ਤਹੀ ਹਜਾਰ) ਰੁਪਏ ਦੀ ਰਾਸ਼ੀ ਇਕੱਤਰ ਕਰਕੇ **ਪ੍ਰਾਈਮ ਮਨਿਸਟਰ ਰਾਹਤ ਫੰਡ** ਲਈ ਭੇਜੀ ਗਈ।ਮਿਤੀ 12.10.2018 ਨੂੰ ਸਰਕਾਰੀ ਕਾਲਜ ਆਫ ਐਜੂ ਪਟਿਆਲਾ ਵਿਖੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਵਿਸ਼ੇ ਤੇ ਅਧਾਰਿਤ ਕੋਲਾਜ ਅਤੇ ਸਲੋਗਨ ਮੁਕਾਬਲੇ ਵਿੱਚ ਵਿਦਿਆਰਥਣ ਜਸਬੀਰ ਕੌਰ ਅਤੇ ਗੁਰਪ੍ਰੀਤ ਕੌਰ ਨੇ ਦੂਜਾ -ਦੂਜਾ ਸਥਾਨ ਸਥਾਨ ਹਾਸਿਲ ਕੀਤਾ।
- 20 ਨਵੰਬਰ 2018 ਨੂੰ ਸਰਕਾਰੀ ਕਾਲਜ ਸੁਨਾਮ ਵਿਖੇ ਰੈੱਡ ਰਿਬਨ ਕਲੱਬ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਬੰਧੀ ਅੰਤਰ ਕਾਲਜ ਕੁਇਜ਼ ਮੁਕਾਬਲੇ ਵਿੱਚ ਕਾਲਜ ਦੀ ਟੀਮ ਨੇ ਪਹਿਲਾ ਸਥਾਨ ਭਾਸ਼ਣ ਮੁਕਾਬਲੇ ਵਿੱਚ ਤੀਜਾ ਸਥਾਨ, ਲੇਖ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।26 ਨਵੰਬਰ 2018 ਨੂੰ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਈ ਸਟਾਫ ਮੈਂਬਰਾਂ ਤੇ ਵਿਦਿਆਰਥਣਾਂ ਨੂੰ ਖ਼ੂਨਦਾਨ ਕੀਤਾ ਗਿਆ।
- ਇਸ ਕਲੱਬ ਵੱਲੋਂ ਵਿਦਿਆਰਥਣਾਂ ਨੇ ਖ਼ੂਨਦਾਨ ਕੀਤਾ ਗਿਆ। ਇਸ ਕਲੱਬ ਵੱਲੋਂ ਮਿਤੀ 01.12.2018 ਨੂੰ 'ਵਿਸ਼ਵ ਏਡਜ਼ ਦਿਵਸ' ਦੇ ਮੌਕੇ ਚੇਤਨਾ ਰੈਲੀ ਕੱਢ ਕੇ ਯੁਵਾ ਪੀੜ੍ਹੀ ਨੂੰ ਇਸ ਬਿਮਾਰੀ ਪ੍ਰਤੀ ਚੇਤੰਨ ਕੀਤਾ ਗਿਆ ।25 ਨਵੰਬਰ 2019 ਨੂੰ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਜਿਸ ਵਿੱਚ ਪ੍ਰੋ. ਸ਼ਾਂਮ ਸੁੰਦਰ ਨੇ ਭਾਰਤ ਦੀ ਵਿਦਿਆਰਥਣਾਂ ਨੂੰ ਜਾਗਰੂਕ ਕੀਤਾ।

- ਇਸ ਮੌਕੇ ਵਲੰਟੀਅਰਾਂ ਨੇ ਸਾਰੀਆਂ ਚੋਣਾਂ ਵਿੱਚ ਸ਼ਾਂਤੀਪੂਰਣ ਢੰਗ ਨਾਲ ਮਤਦਾਨ ਕਰਨ ਦੀ ਸਹੁੰ ਵੀ ਚੁੱਕੀ।30 ਜਨਵਰੀ 2019 ਨੂੰ ਨਸ਼ਿਆਂ ਦੇ ਖਿਲਾਫ ਜਾਗਰੂਕ ਕਰਨ ਲਈ ਡਾ. ਮਮਤਾ ਸ਼ਰਮਾ (ਮਨੋਵਿਗਿਆਨ ਵਿਭਾਗ ਪੰਜਾਬੀ ਯੂਨੀ. ਪਟਿਆਲਾ) ਅਤੇ ਡਾ. ਮਲਕੀਤ ਸਿੰਘ ਮਾਨ (ਸਹਾਇਕ ਡਾਇਰੈਕਟਰ, ਯੂਥ ਸਰਵਿਸਿਜ਼ , ਪਟਿਆਲਾ) ਦਾ ਵਿਸ਼ੇਸ਼ ਲੈਕਚਰ ਕਰਵਾ ਕੇ ਨਸ਼ਾ-ਮੁਕਤ ਸਮਾਜ ਸਿਰਜਣ ਦਾ ਸੁਨੇਹਾ ਦਿੱਤਾ ਗਿਆ।
- 20 ਫਰਵਰੀ 2019 ਨੂੰ ਪੰਜਾਬ ਰਾਜ , ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ, ਯੁਵਕ ਸੇਵਾਵਾਂ ਪਟਿਆਲਾ ਵੱਲੋਂ ਸਰਕਾਰੀ ਸਟੇਟ ਕਾਲਜ ਆਫ ਐਜੂ. ਕਾਲਜ ਪਟਿਆਲਾ ਵਿਖੇ ਜਿਲ੍ਹਾ ਪੱਧਰੀ ਯੁਵਕ ਦਿਵਸ ਸਮਾਰੋਹ ਦੌਰਾਨ ਹੋਏ ਪੋਸਟਰ ਮੁਕਾਬਲੇ ਵਿੱਚ ਕਾਲਜ ਦੀ ਵਿਦਿਆਰਥਣ ਨਵਜੋਤ ਕੌਰ ਨੇ ਪਹਿਲਾ ਸਥਾਨ, ਲੇਖ ਮੁਕਾਬਲੇ ਵਿੱਚ ਪ੍ਰਭਜੋਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ।

## ❖ ***ਰੈੱਡ ਕਰਾਸ***

ਸੈਸ਼ਨ 2018-19 ਦੌਰਾਨ ਰੈੱਡਕਰਾਸ ਯੂਨਿਟ ਵਿੱਚ 80 ਵਲੰਟੀਅਰ ਰਜਿਸਟਰ ਕੀਤੇ ਗਏ।

- 26 ਜੁਲਾਈ 2018 ਨੂੰ ਗਲੋਬਲ ਹਿਊਮਨ ਆਰਗਨਾਈਜ਼ੇਸ਼ਨ ਦੇ ਸਹਿਯੋਗ ਨਾਲ ਕਾਲਜ ਦੇ ਰੈੱਡ ਕਰਾਸ ਯੂਨਿਟ ਵੱਲੋਂ ਕਾਲ ਵਿੱਚ ਬੂਟੇ ਲਗਾਏ ਗਏ।
- 01.09.2018 ਨੂੰ ਨਸ਼ਿਆਂ ਦੇ ਪ੍ਰਕੋਪ ਨੂੰ ਦਰਸਾਉਣ ਵਾਲੇ ਨੁੱਕੜ ਨਾਟਕ '' ਸਿੱਧਾ ਰਾਹ ਸਿਵਿਆਂ ਨੂੰ ਜਾਵੇ'' ਦਾ ਆਯੋਜਨ ਕੀਤਾ।ਮਿਤੀ 22.10.2018 ਨੂੰ ਕਾਲਜ ਦੇ ਐਨ.ਐਸ.ਐਸ. ਯੂਨਿਟ ਨਾਹਲ ਮਿਲਕੇ ਇੱਕ ਰੋਜਾ ਫਸਟ ਏਡ ਟੇਨਿੰਗ ਦਾ ਆਯੋਜਨ ਕੀਤਾ।

### ❖ **ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ**

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਵੱਲੋ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਭਿੰਨ-ਭਿੰਨ ਕਿਤਿਆਂ ਬਾਰੇ ਜਾਣਕਾਰੀ ਦਿੱਤੀ ਗਈ। ਵਿਭਾਗ ਦੇ ਕਾਰਜਸ਼ੀਲ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਇੰਟਰਵਿਊ ਕਿਵੇਂ ਦਿੱਤੀ ਜਾਵੇ ਵਿਸ਼ੇ ਤੇ ਅਤੇ ਬਾਇਓਡਾਟਾ (ਸੀ.ਵੀ.) ਤਿਆਰ ਕਰਨ ਸਬੰਧੀ ਗਿਆਨਵਰਧਕ ਜਾਣਕਾਰੀ ਦਿੱਤੀ।

## ❖ ***ਵਾਤਾਵਰਣ ਸੁਸਾਇਟੀ***

ਵਾਤਾਵਰਣ ਸੰਬੰਧੀ ਚੇਤਨਾ ਪ੍ਰਸਾਰ ਕਰਨ ਅਤੇ ਕਾਲਜ ਕੈਂਪਸ ਨੂੰ ਈਕੋ ਫਰੈਂਡਲੀ ਬਣਾਉਣ ਦੇ ਮੰਤਵ ਨੂੰ ਮੁੱਖ ਰੱਖਦਿਆਂ ਕਾਲਜ ਵਿੱਚ ਵਾਤਾਵਰਣ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਪ੍ਰੋ. ਸ਼ਬਨਮ ਸੋਢੀ , ਪ੍ਰੋ. ਰੀਚਾ ਬਾਂਸਲ , ਪ੍ਰੋ.ਸੰਦੀਪ ਕੌਰ, ਪ੍ਰੋ. ਪਰਨੀਤ ਕੌਰ(ਕੰਟਰੈਕਚੂਅਲ), ਪ੍ਰੋ. ਸ਼ਿਵਾਨੀ ਸਿੰਗਲਾ ਅਤੇ ਪ੍ਰੋ. ਸ਼ਿਬਾਨੀ ਸ਼ਰਮਾ ਅਤੇ

ਦਸ ਵਿਦਿਆਰਥਣਾਂ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਸੁਸਾਇਟੀ ਵੱਲੋਂ ਸਮੇਂ-ਸਮੇਂ ਸਿਰ ਵਿਦਿਆਰਥਣਾਂ ਨੂੰ ਕੁਦਰਤੀ ਵਾਤਾਵਰਣ ਦੀ ਸਾਂਭ-ਸੰਭਾਲ ਲਈ ਪ੍ਰੇਰਿਆ ਜਾਂਦਾ ਹੈ।28 ਫਰਵਰੀ 2019 ਨੂੰ '' ਸਾਇੰਸ ਦਿਵਸ'' ਦੇ ਮੌਕੇ ਗਲੋਬਲ ਵਾਰਮਿੰਗ ਵਿਸ਼ੇ ਤੇ ਲੈਕਚਰ ਕਰਵਾਇਆ , ਬੋਟੈਨੀਕਲ ਗਾਰਡਨ ਵਿਖੇ ਔਸ਼ਧੀਆਂ ਵਾਲੇ ਬੂਟੇ ਲਗਾਏ।

## ❖ *SVEEP*

ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਸੰਬੰਧੀ SVEEP ( Systematic Voter Education Electoral Particiaption) ਪ੍ਰੋਗਰਾਮ ਅਧੀਨ ਕਾਲਜ ਦੇ 18-19 ਸਾਲ ਦੇ ਉਮਰ ਗਰੁੱਪ ਵਿੱਚ 396 ਵਿਦਿਆਰਥੀਆਂ ਨੂੰ ਬਤੌਰ ਵੋਟਰ ਰਜਿਸਟਰ ਕਰਨ ਲਈ ਫਾਰਮ ਜਿਲਾ ਚੋਣ ਅਫਸਰ ਨੂੰ ਰਜਿਸਟ੍ਰੇਸ਼ਨ ਲਈ ਭੇਜੇ ਗਏ।ਸਮੇਂ-ਸਮੇਂ ਸਿਰ ਵਿਚਾਰ ਗੋਸ਼ਟੀਆਂ ਅਤੇ ਰੈਲੀਆਂ ਰਾਂਹੀਂ ਚੇਤਨਤਾ ਪੈਦਾ ਕੀਤੀ ਗਈ । 25 ਜਨਵਰੀ 2019 ਨੂੰ ਰਾਸ਼ਟਰੀ ਵੋਟਰ ਦਿਵਸ ਵੀ ਮਨਾਇਆ ਗਿਆ।

## ❖ *ਬੱਡੀ ਪ੍ਰੋਗਰਾਮ*

- ਅਗਸਤ 2018 ਵਿੱਚ ਬੱਡੀ ਪ੍ਰੋਗਰਾਮ ਦੇ ਅੰਤਰਗਤ ਕਾਲਜ ਦੇ ਚਾਰ ਨੋਡਲ ਅਫਸਰ ਪ੍ਰੋ. ਗੁਰਿੰਦਰ ਕੌਰ, ਡਾ. ਜਗਮੋਹਨ ਸ਼ਰਮਾ, ਡਾ. ਨਵਦੀਪ ਕਹੋਲ ਅਤੇ ਡਾ. ਅਮਨਦੀਪ ਕੌਰ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਸਟੇਸ਼ਨ , ਪੰਜਾਬ (MAGSIPAP) ਚੰਡੀਗੜ੍ਹ ਵਿਖੇ ਦੋ ਦਿਨਾਂ ਟੇਨਿੰਗ ਲਗਾ ਕੇ ਆਏ।ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਾਰੇ ਕਾਲਜ ਦੀਆਂ ਵਿਦਿਆਰਕਣਾਂ ਨੂੰ ਪੰਜ-ਪੰਜ ਦੇ ਬੱਡੀ ਗਰੁੱਪ ਲਗਾ ਵਿੱਚ ਵੰਡਿਆ ਗਿਆ।ਕਾਲਜ ਦੇ ਸਾਰੇ ਅਧਿਆਪਕ ਸੀਨੀਅਰ ਬੱਡੀ ਦੇ ਤੌਰ ਤੇ ਵਿਦਿਆਰਥਣਾਂ ਨਾਲ ਨਿਸ਼ਚਿਤ ਪੀਰੀਅਡ ਵਿੱਚ ਵਿਚਾਰ ਵਟਾਂਦਰਾ ਕਰਦੇ ਹਨ। ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਵਿਦਿਆਰਥਣਾਂ ਨੂੰ ਜਾਣੂ ਕਰਵਾਉਣ ਲਈ ਕਾਲਜ ਵਿੱਚ ਇੱਕ ਨੁੱਕੜ ਨਾਟਕ '' ਸਿੱਧਾ ਰਾਹ ਸਿਵਿਆਂ ਨੂੰ ਜਾਵੇ'' ਕਰਵਾਇਆ।
- ਅਜਾਦੀ ਦਿਵਸ ਦੇ ਮੌਕੇ ਤੇ ਪਟਿਆਲਾ ਵਿਖੇ ਸਰਕਾਰੀ ਸਮਾਗਮ ਵਿੱਚ ਕਾਲਜ ਦੀਆਂ 500 ਵਿਦਿਆਰਥਣਾਂ ਨੇ ਪੰਜਾਬ ਸਰਕਾਰ ਦੇ **''ਨਸ਼ਿਆਂ ਤੋਂ ਆਜਾਦੀ ''** ਪ੍ਰੋਗਰਾਮ ਵਿੱਚ ਹਿੱਸਾ ਲਿਆ।
- ਮਿਤੀ 9 ਅਤੇ 10 ਨਵੰਬਰ 2018 ਨੂੰ ਡਾ. ਨਵਦੀਪ ਕਹੋਲ ਪ੍ਰੋ. ਲੀਨਾ ਅਤੇ ਡਾ. ਆਰੂਸ਼ੀ ਨਾਲ ਗੁਰੂ ਤੇਗ ਬਹਾਦਰ ਸਕੂਲ ਤ੍ਰਿਪੜੀ ਟਾਊਨ ਪਟਿਆਲਾ ਵਿਖੇ ਸਕੂਲ ਅਧਿਆਪਕਾਂ ਨੂੰ Buddy Programme ਦੀ ਟ੍ਰਨਿੰਗ ਦੇ ਕੇ ਆਏ ਤਾਂ ਜੋ ਇਹ ਪ੍ਰੋਗਰਾਮ ਆਪਣੇ ਸਕੂਲਾਂ ਵਿੱਚ ਸੁਚਾਰੂ ਰੂਪ ਨਾਲ ਚਲਾ ਸਕਣ।
- ਨਵੰਬਰ 2018 ਵਿੱਚ ਕਾਲਜ ਦੇ ਹਾਲ ਵਿੱਚ ਨਸ਼ਿਆਂ ਦੇ ਵਿਸ਼ੇ ਤੇ ਇੱਕ ਨਾਨਕ ਅਵੇਸਲੇ ਯੁਧਾਂ ਦੀ ਨਾਇਕਾ ਦਾ ਮੰਚਨ ਕਰਵਾਇਆ ਗਿਆ ਇਸ ਤੋਂ ਵਿਦਿਆਰਥਣਾਂ ਨੂੰ ਸਮਾਜਿਕ ਨੂੰ ਇਸ ਸਮਾਜਿਕ ਬੁਰਾਈ ਨਾਲ ਲੋਹਾ ਲੈਣ ਦੀ ਹਿੰਮਤ ਮਿਲੀ।
- ਬੱਡੀ ਪ੍ਰੋਗਰਾਮ ਦੇ ਤਹਿਤ ਮਾਰਚ 23, 2019 ਨੂੰ ਕਾਲਜ ਵਿੱਚ ***ਯੂਥ ਇਮਪਾਵਰਮੈਂਟ ਡੇ*** ਮਨਾਇਆ ਗਿਆ । ਇਸ ਮੌਕੇ ਸ. ਅਮਰਜੀਤ ਸਿੰਘ ਵੜੈਚ , ਅਸਿਸਟੈਂਟ ਡਾਇਰੈਕਟਰ (AIR) ਆਲ ਇੰਡੀਆ ਰੇਡੀਓ , ਨੇ ਪ੍ਰਮੁੱਖ ਵਰਤਾ ਵਜੋਂ ਸ਼ਿਰਕਤ ਕੀਤੀ।

## ❖ *ਸਾਬਕਾ ਵਿਦਿਆਰਥੀ ਸਭਾ*

ਸਾਬਕਾ ਵਿਦਿਆਰਥੀ ਸਭਾ ਦੁਆਰਾ , ਸਮੇਂ-ਸਮੇਂ ਸਿਰ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ , ਕਿਤਾਬਾਂ ਲਈ ਖਰਚ ਕੀਤਾ ਜਾਂਦਾ ਹੈ।

- OSA ਦੇ ਮੈਂਬਰ ਪ੍ਰੋ. ਪੁਸ਼ਪਿੰਦਰ ਨੇ ਕਾਲਜ ਨੂੰ ਪ੍ਰਿੰਟਰ ਮੁਹੱਈਆ ਕਰਵਾਇਆ ਗਿਆ।
- ਫਾਈਨ ਆਰਟਸ ਵਿਭਾਗ ਦੇ ਅਧਿਆਪਕ ਸਾਹਿਬਾਨਾਂ ਨੇ ਮਿਲ ਕੇ ਆਪਣੇ ਵਿਭਾਗ ਦੇ ਕੁੱਝ ਵਿਦਿਆਰਥੀਆਂ ਦੀ ਫੀਸ ਦਿੱਤੀ ਅਤੇ ਹੋਰ ਵਿਦਿਆਰਥੀਆਂ ਨੂੰ ਪੇਂਟਿੰਗ ਸਮੱਗਰੀ ਮੁਹੱਈਆ ਕਰਵਾਈ। ਪ੍ਰੋ. ਰਣਜੀਤ ਕੌਰ ਨੇ ਰੁ: 2000/- ਦੇ ਕੇ ਵਿਦਿਆਰਥਣ ਦੀ ਮਾਲੀ ਮਦਦ ਕੀਤੀ।
- ਹਿੰਦੀ ਵਿਭਾਗ ਦੇ ਮੁੱਖੀ ਪ੍ਰੋ. ਰੇਨੂੰ ਗੋਇਲ ਅਤੇ ਡਾਂਸ ਵਿਭਾਗ ਦੇ ਮੁਖੀ ਡਾ. ਜੀਵਨ ਬਾਲਾ ਅਤੇ ਡਾ. ਪੁਸ਼ਪਿੰਦਰ ਕੌਰ ਨੇ ਵੀ ਲੋੜਵੰਦ ਵਿਦਿਆਰਥੀਆਂ ਦੀ ਕਾਲਜ ਫੀਸ ਭਰੀ । ਡਾ. ਪੁਸ਼ਪਿੰਦਰ ਨੇ ਛੇ ਵਿਦਿਆਰਥੀਆਂ ਨੂੰ ਨ੍ਰਿਤ ਲਈ ਘੁੰਗਰੂ ਪ੍ਰਦਾਨ ਕੀਤੇ।
- ਕਾਲਜ ਦੀ ਪਲੈਟੀਨਮ ਜੁਬਲੀ ਦੇ ਮੌਕੇ ਤੇ ਪ੍ਰੋ. ਅਰੁਨਦੀਪ ਨੇ ਕਾਲਜ ਕੈਂਪਸ ਵਿੱਚ ਪੌਦੇ ਲਗਾਏ ਅਤੇ ਵਿਦਿਆਰਥੀਆਂ ਨੂੰ 75 ਪੌਦੇ ਪ੍ਰਦਾਨ ਕੀਤੇ ਅਤੇ ਵਿਦਿਆਰਥੀਆਂ ਨੂੰ ਯੂ.ਜੀ.ਸੀ. ਨੈੱਟ ਦੀ ਤਿਆਰੀ ਵਾਸਤੇ ਵਿਸ਼ੇਸ਼ ਪੁਸਤਕ ਲਾਇਬ੍ਰੇਰੀ ਨੂੰ ਭੇਂਟ ਕੀਤੀ।ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋ. ਅਰੁਨਦੀਪ ਨੇ ਸਵੱਛਤਾ ਮੁਹਿੰਮ ਅਧੀਨ ਕਾਲਜ ਕੈਂਪਸ ਵਿੱਚ ਡਸਟਬਿਨ ਮੁਹੱਇਆ ਕਰਵਾਏ।
- ਸ਼੍ਰੀਮਤੀ ਬਲਜਿੰਦਰ ਕੌਰ ਲਾਇਬ੍ਰੇਰੀਅਨ ਨੇ ਵਿਦਿਆਰਣ ਦੀ ਰ: 5000/- ਦੀ ਮਾਲੀ ਮਦਦ ਕੀਤੀ।
- ਸ਼੍ਰੀਮਤੀ ਤਲਵਿਦੰਰ ਕੌਰ (ਕੰਪਿਊਟਰ ਆਪਰੇਟਰ) ਨੇ ਇੱਕ ਲੋੜਵੰਦ ਵਿਦਿਆਰਥਣ ਦੀ 6500 ਰੁ: ਫੀਸ ਭਰੀ ਅਤੇ ਇੱਕ ਵਿਦਿਆਰਥਣ ਦੀ ਮੈੱਸ ਫੀਸ 1200/- ਭਰ ਕੇ ਮਦਦ ਕੀਤੀ।

## ❖ ਕਾਲਜ ਲਾਇਬ੍ਰੇਰੀ

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **57013** ਪੁਸਤਕਾਂ ਹਨ। ਪੁਸਤਕਾਂ ਦੀ ਜਾਣਕਾਰੀ ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ **18** ਅਖ਼ਬਾਰ **69** ਰਸਾਲੇ ਆਉਂਦੇ ਹਨ ਜੋ ਕਿ ਵਿਦਿਆਰਥਣਾ ਨੂੰ ਕੰਪੀਟੀਸ਼ਨ ਵਾਸਤੇ ਅਪਡੇਟ ਕਰਨ ਲਈ ਮਦਦਗਾਰ ਹਨ। ਲਾਇਬ੍ਰੇਰੀ ਵਿੰਚ ਬੁੱਕ ਬੈਂਕ ਰਾਹੀਂ 20 ਵਿਦਿਆਰਥਣਾਂ ਨੂੰ ਪੂਰੇ ਸਾਲ ਲਈ ਪੁਸਤਕਾ ਮੁਹੱਈਆਂ ਕਰਵਾਈਆਂ ਗਈਆ।ਬੁੱਕ ਬੈਂਕ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥਣਾਂ ਦੁਆਰਾ ਗਿਫ਼ਟ ਕੀਤੀਆ ਪੁਸਤਕਾਂ ਰਾਹੀਂ ਚੱਲ ਰਿਹਾ ਹੈ।

- **ਬਰਾਡਬੈਂਡ ਦੇ 2 ਇੰਟਰਨੈੱਟ ਕੁਨੈਕਸ਼ਨ** ਲਾਇਬ੍ਰੇਰੀ ਵਿੱਚ ਹੋਣ ਨਾਲ ਅਤੇ **4 ਕੰਪਿਊਟਰ** ਉਪਲਬਧ ਹੋਣ ਨਾਲ ਸਟਾਫ਼ ਅਤੇ ਵਿਦਿਆਰਥਣਾਂ ਨੇ ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਹੈ।

- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ ਈ-ਪੁਸਤਕਾਂ ਅਤੇ ਈ-ਜਰਨਲ ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।
- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ।
- ਲਾਇਬ੍ਰੇਰੀ ਦੇ ਬੁੱਕ ਬੈਂਕ ਵਿੱਚ 6 ਪੁਸਤਕਾਂ ਡੋਨੇਟ ਹੋਈਆਂ।
- ਲਾਇਬ੍ਰੇਰੀ ਸਾਇੰਸ ਦੀਆਂ 3 ਵਿਦਿਆਰਥਣਾਂ ਨੇ ਕਾਲਜ ਲਾਇਬ੍ਰੇਰੀ ਵਿੱਚ ਪ੍ਰੈਕਟੀਕਲ ਕੰਮਾਂ ਦੀ ਟਰੇਨਿੰਗ ਹਾਸਿਲ ਕੀਤੀ ।

## ❖ ਹੋਸਟਲ

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ।ਹੋਸਟਲ ਵਿੱਚ ਮੈੱਸ, ਪਰੇਅਰ ਹਾਲ , ਰੀਡਿੰਗ ਹਾਲ , ਟੀ.ਵੀ. ਰੂਮ, ਮੁੱਢਲੀ ਸਹਾਇਤਾ ਰੂਮ, ਨਰਸ ਦਾ ਕਮਰਾ ਆਦਿ ਉਪਲਬਧ ਹਨ।ਹੋਸਟਲ ਵਿੱਚ ਵਾਸਿੰਗ ਮਸ਼ੀਨਾਂ, ਗੀਜ਼ਰ, RO system, water coolers ਦਾ ਵਿਸ਼ੇਸ਼ ਪ੍ਰਬੰਧ ਹੈ। ਵਿਦਿਆਰਥਣਾਂ ਦੇ ਬੋਧਿਕ ਪ੍ਰਸਾਰ ਲਈ ਸਮੇਂ- ਸਮੇਂ ਸਿਰ ਪ੍ਰਸਾਰ ਭਾਸ਼ਣਾਂ, ਨਾਟਕਾਂ , ਸਭਿਆਚਾਰਕ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ ਜਿਵੇਂ ਕਿ ਨਸ਼ਿਆਂ ਦੇ ਦੁਸ਼ਪ੍ਰਭਾਵ ਅਤੇ ਨੌਜਵਾਨ ਪੀੜੀ ਵੱਲੋਂ ਬਜ਼ੁਰਗਾਂ ਪ੍ਰਤੀ ਵਧਦੀ ਬੇਰੁੱਖੀ ਨੂੰ ਦਰਸਾਂਉਂਦੇ ਨਾਟਕਾਂ ਦਾ ਆਯੋਜਨ ਕੀਤਾ ਗਿਆ। ਸਿਹਤ ਸੰਭਾਲ, ਟਰੈਫਿਕ ਰੂਲਜ਼ , ਸਵਾਈਨ ਫਲੂ , ਸਵੱਛਤਾ ਮੁਹਿੰਮ ਸਬੰਧੀ ਜਾਗਰੂਕ ਕਰਨ ਲਈ ਸਮੇਂ -ਸਮੇਂ ਸਿਰ ਲੈਕਚਰ ਕਰਾਏ ਗਏ । ਹੋਸਟਲ ਦੀਆਂ ਵਿਦਿਆਰਥਣਾਂ ਵੱਲੋਂ ਬੜੀ ਹੀ ਸ਼ਰਧਾ ਨਾਲ ਸ਼੍ਰੀ ਅਖੰਡ ਪਾਠ ਅਤੇ ਮੂਲ ਮੰਤਰ ਦੇ ਜਾਪ ਕਰਾਏ ਗਏ ਜਿਸ ਵਿੱਚ ਸੂਹ ਸਟਾਫ ਅਤੇ ਬਹੁ ਗਿਣਤੀ ਵਿੱਚ ਵਿਦਿਆਰਥਣਾਂ ਨੇ ਹਾਜਰੀ ਭਰੀ।

## ❖ ਪ੍ਰੋ. ਬੀ.ਐਸ. ਗੋਇਲ ਮੈਮੋਰੀਅਲ ਅਵਾਰਡ

ਪ੍ਰੋ. ਰੇਨੂੰ ਗੋਇਲ , ਵਾਈਸ ਪ੍ਰਿੰਸੀਪਲ ਦੁਆਰਾ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰੋ. ਬੀ.ਐਸ. ਗੋਇਲ ਮੈਮੋਰੀਅਲ ਅਵਾਰਡ ਇਸ ਸਾਲ 2018-19 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।ਇਹ ਅਵਾਰਡ ਕਾਲਜ ਦੇ ਉਹਨਾਂ ਦੋ Outstanding Teaching Faculty members ਨੂੰ ਦਿੱਤਾ ਜਾਵੇਗਾ ਜਿਹਨਾਂ ਨੇ ਕਾਲਜ ਦੇ ਸਰਵਪੱਖੀ ਵਿਕਾਸ ਵਿੱਚ ਵਧ ਚੜ੍ਹ ਕੇ ਆਪਣਾ ਯੋਗਦਾਨ ਪਾਇਆ ਹੈ।

## ❖ ਧੰਨਵਾਦ

ਮੈਂ ਸਾਲਾਨਾ ਇਨਾਮ ਵੰਡ ਸਮਾਰੋਹ ਦੇ ***ਮੁੱਖ ਮਹਿਮਾਨ ਮਾਨਯੋਗ ਡਿਪਟੀ ਕਮਿਸ਼ਨਰ ਪਟਿਆਲਾ ਸ਼੍ਰੀ ਕੁਮਾਰ ਅਮਿਤ ਜੀ*** ਦਾ ਇੱਕ ਵਾਰ ਫੇਰ ਤਹਿ-ਦਿਲੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਆਪਣੀ ਰੁਝੇਵਿਆਂ ਭਰੀ ਜਿੰਦਗੀ ਵਿੱਚੋਂ ਸਮਾਂ ਕੱਢਕੇ ਸਾਨੂੰ ਨਿਵਾਜਿਆ ਹੈ।

ਦੂਰੋਂ ਨੇੜਿਓਂ ਆਏ ਮਹਿਮਾਨ, ਵੱਖ-ਵੱਖ ਨੁਮਾਇੰਦੇ, ਪੱਤਰਕਾਰ ਅਤੇ ਸੁੱਰਖਿਆ ਕਰਮਚਾਰੀ ਸਭ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਾਨੂੰ ਨਿਵਾਜਿਆ ਹੈ।

ਮੈਂ ਆਪਣੇ ਕਾਲਜ ਦੇ ਪ੍ਰਧਿਆਪਕ ਮੰਡਲ, ਦਫ਼ਤਰੀ ਸਟਾਫ, ਲੈਬਾਰਟਰੀ ਸਟਾਫ਼ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਵੀ ਸੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸ਼ਿੱਦਤ ਨਾਲ ਜ਼ਿੰਮੇਵਾਰੀਆਂ ਨਿਭਾਈਆਂ ਹਨ ਅਤੇ ਸਮਾਰੋਹ ਨੂੰ ਸਫ਼ਲ ਬਣਾਇਆ ਹੈ।ਵੱਖ-ਵੱਖ ਖੇਤਰਾਂ ਵਿੱਚ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਦਿੰਦੀ ਹਾਂ। ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਇੱਕ ਵਾਰ ਫਿਰ ਦਿਲੋਂ ਧੰਨਵਾਦ ਕਰਦੀ ਹਾਂ।

ਡਾ. ਚਿਰੰਜੀਵ ਕੌਰ

ਪ੍ਰਿੰਸੀਪਲ